# ਅਮਰਜੀਤ ਕੌਂਕੇ ਦੀ ਕਵਿਤਾ ਦਾ ਭਾਸ਼ਾਈ ਪੈਰਾਡਾਇਮ

## AMARJEET KAUNKE DE KAAV DA BHASHI PARADIGM

**Submitted to**

## LOVELY PROFESSIONAL UNIVERSITY

**In partial fulfillment of the requirements for the award of degree of**

**M.PHIL IN PUNJABI**

**Submitted by:**

**Reeta Devi**

**Reg. No. 11512591**

**Supervised by:**

**Dr. Sandeep Kaur**

**FACULTY OF BUSINESS AND APPLIED ARTS**

**LOVELY PROFESSIONAL UNIVERSITY,**

**PUNJAB**

2016

## ਘੋਸ਼ਣਾ ਪੱਤਰ

ਮੈਂ ਰੀਤਾ ਦੇਵੀ ਇਹ ਬਿਆਨ ਕਰਦੀ ਹਾਂ ਕਿ "ਅਮਰਜੀਤ ਕੌਂਕੇ ਦੇ ਕਾਵਿ ਦਾ ਭਾਸ਼ਾਈ ਪੈਰਾਡਾਇਮ" ਵਿਸ਼ੇ 'ਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਲ ਨਹੀਂ ਹੈ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

**ਰੀਤਾ ਦੇਵੀ**

**ਰਜਿ.ਨੰ.** 11512591

## ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਰੀਤਾ ਦੇਵੀ ਨੇ "ਅਮਰਜੀਤ ਕੌਂਕੇ ਦੇ ਕਾਵਿ ਦਾ ਭਾਸ਼ਾਈ ਪੈਰਾਡਾਇਮ" ਵਿਸ਼ੇ ਉੱਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦੀ ਹਾਂ। ਇਸ ਤੋਂ ਪਹਿਲਾ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਸੰਦੀਪ ਕੌਰ**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਭੂਮਿਕਾ

ਕਾਵਿ ਸਦੈਵ ਹੀ ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ ਦਿਲ ਖਿਚਵੇਂ ਅੰਦਾਜ਼ ਵਿਚ ਕਰਦਾ ਆਇਆ ਹੈ।ਇਸ ਖੋਜ ਦਾ ਆਧਾਰ ਅਮਰਜੀਤ ਕੌਂਕੇ ਦੁਆਰਾ ਰਚਿਤ ਕਾਵਿ ਨੂੰ ਬਣਾਇਆ ਗਿਆ ਹੈ। ਅਮਰਜੀਤ ਕੌਂਕੇ ਵਿਲੱਖਣ ਗੌਰਵ ਅਤੇ ਨਵੇਕਲੇ ਸੁਰ ਦਾ ਕਵੀ ਹੈ। ਅਮਰਜੀਤ ਕੌਂਕੇ ਇਕ ਅਜਿਹੀ ਸ਼ਖਸੀਅਤ ਹੈ ਜੋ ਆਪਣੇ ਭਾਵਾਂ, ਵਿਚਾਰਾਂ, ਅਨੁਭਵਾਂ ਨੂੰ ਕਵਿਤਾ ਰਾਹੀਂ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਕੌਂਕੇ ਦੀ ਸ਼ਖਸੀਅਤ ਵਾਂਗ ਉਸਦੀ ਕਵਿਤਾ ਦਾ ਰੰਗ ਵੀ ਵੱਖਰਾ ਹੀ ਹੈ। ਅਮਰਜੀਤ ਕੌਂਕੇ ਦੇ ਹੁਣ ਤੱਕ ਸੱਤ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ, ਜਿਵੇਂ 'ਦਾਇਰਿਆਂ ਦੀ ਕਬਰ 'ਚੋਂ' (1985), 'ਦਵੰਦ ਕਥਾ' (1990), 'ਸ਼ਬਦ ਰਹਿਣਗੇ ਕੋਲ' (1996), 'ਨਿਰਵਾਣ ਦੀ ਤਲਾਸ਼ 'ਚ' (1987), 'ਯਕੀਨ' (1993), 'ਸਿਮਰਤੀਆਂ ਦੀ ਲਾਲਟੈਣ' (2002) ਅਤੇ 'ਪਿਆਸ' (2013)। ਕੌਂਕੇ ਦੀ ਕਵਿਤਾ ਦੀ ਇਹ ਮੱਹਤਤਾ ਹੈ ਕਿ ਉਸਦੇ ਕਾਵਿ-ਜਗਤ ਨੂੰ ਆਧਾਰ ਬਣਾ ਕੇ ਬਹੁਤ ਆਲੋਚਕਾਂ ਦੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਕੌਂਕੇ ਦੀ ਕਾਵਿ ਵਡਿਆਈ ਦਾ ਅੰਦਾਜ਼ਾ ਉਸ ਨੂੰ ਮਿਲੇ ਪੁਰਸਕਾਰਾਂ ਤੋਂ ਲਗਾਇਆ ਜਾਂਦਾ ਹੈ।

ਇਸ ਖੋਜ ਪ੍ਰਬੰਧ ਦੀ ਵਿਉਂਤ ਕਾਵਿ, ਕਾਵਿ ਭਾਸ਼ਾ ਤੇ ਕਾਵਿ ਭਾਸ਼ਾਈ ਅਰਥ ਸਿਰਜਣ ਪ੍ਰਕਿਰਿਆ ਦੇ ਆਪਸੀ ਸੰਬੰਧਾਂ ਦਾ ਸਿਧਾਂਤਕ ਰੂਪ ਤਿਆਰ ਕਰਕੇ ਇਨ੍ਹਾਂ ਸਿਧਾਂਤਾਂ ਰਾਹੀਂ ਕੌਂਕੇ ਦੀਆਂ ਤਿੰਨ ਪੁਸਤਕਾਂ ('ਸ਼ਬਦ ਰਹਿਣਗੇ ਕੋਲ', 'ਸਿਮਰਤੀਆਂ ਦੀ ਲਾਲਟੈਣ' ਅਤੇ 'ਪਿਆਸ' ਦੇ ਸੰਦਰਭ ਵਿਚ) ਦਾ ਅਧਿਐਨ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਦਾ ਪਹਿਲਾ ਅਧਿਆਇ ਕਾਵਿ ਭਾਸ਼ਾ ਦੇ ਸਿਧਾਂਤਕ ਪੱਖ ਨਾਲ ਸੰਬੰਧਿਤ ਹੈ। ਇਸ ਵਿਚ ਕਾਵਿ ਬਾਰੇ, ਭਾਰਤੀ ਚਿੰਤਕਾਂ ਦੇ ਵਿਚਾਰਾਂ ਨੂੰ ਪੇਸ਼ ਕਰਕੇ ਪਰਿਕਲਪਨਾਵਾਂ ਨੂੰ ਉਸਾਰਨ ਦਾ ਯਤਨ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਦਾ ਦੂਜਾ ਅਧਿਆਇ ਅਮਰਜੀਤ ਕੌਂਕੇ ਕਾਵਿ ਦੀ ਭਾਸ਼ਾਈ ਬਣਤਰ ਅਤੇ ਅਰਥ ਸੰਚਾਰ ਨਾਲ ਸੰਬੰਧਿਤ ਹੈ। ਇਸ ਵਿਚ ਆਮ ਭਾਸ਼ਾ ਤੇ ਕਾਵਿ ਭਾਸ਼ਾ ਦੇ ਬਣਤਰੀ ਤੱਤਾਂ ਦਾ ਵਖਰੇਵਾਂ, ਕਾਵਿ ਭਾਸ਼ਾਈ ਰੂਪਾਂਤਰਨ ਅਤੇ ਅਰਥ ਸਿਰਜਣ ਵਿਧੀ ਦੇ ਨਵੇਂ ਪਰਿਪੇਖਾਂ ਰਾਹੀਂ ਅਧਿਐਨ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਦਾ ਤੀਜਾ ਅਧਿਆਇ ਅਮਰਜੀਤ ਕੌਂਕੇ ਕਾਵਿ ਅਰਥ ਸਿਰਜਣ ਵਿਧੀ ਦੇ ਨਵੇਂ ਕਾਵਿ ਭਾਸ਼ਾਈ ਸੰਕਲਪ ਨਾਲ ਸੰਬੰਧਿਤ ਹੈ। ਇਸ ਵਿਚ ਅਰਥ ਸਿਰਜਣ ਵਿਧੀ ਦੇ ਨਵੇਂ ਕਾਵਿ ਭਾਸ਼ਾਈ ਸੰਕਲਪਾਂ ਦੀ ਸਿਧਾਂਤਕ ਤੇ ਵਿਵਹਾਰਿਕ ਵਿਆਖਿਆ ਕੀਤੀ ਗਈ ਹੈ। ਇਸ ਰਾਹੀਂ ਇਹ ਤਲਾਸ਼ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਅਮਰਜੀਤ ਕੌਂਕੇ ਕਿਵੇਂ ਸਾਧਾਰਨ ਭਾਸ਼ਾਈ ਸੰਚਾਰ ਨੂੰ ਬਹੁ-ਅਰਥਕਤਾ ਪ੍ਰਦਾਨ ਕਰਨ ਵਿਚ ਅਦਭੁਤ ਅਤੇ ਅਸਾਧਾਰਨ ਨਿਪੁੰਨਤਾ ਰੱਖਦਾ ਹੈ।

ਇਸ ਖੋਜ ਪ੍ਰਬੰਧ ਦਾ ਚੌਥਾ ਅਧਿਆਇ ਅਮਰਜੀਤ ਕੌਂਕੇ ਕਾਵਿ ਸੁਹਜ ਸੰਵੇਦਨਾ ਦੇ ਭਾਸ਼ਾਈ ਅਤੇ ਕਾਵਿ ਪਾਸਾਰ ਨਾਲ ਸੰਬੰਧਿਤ ਹੈ।ਇਸ ਵਿਚ ਸੁਹਜ ਸੰਵੇਦਨਾ ਦੇ ਸਿਧਾਂਤਕ ਪੱਖ, ਕਾਵਿ ਸ਼ਾਸਤਰ, ਭਾਰਤੀ ਕਾਵਿ ਵਿਚ ਸੁਹਜਾਤਮਕਤਾ, ਕਾਵਿ ਸੰਵੇਦਨਾ ਆਦਿ ਦੀ ਵਿਸਥਾਰ ਨਾਲ ਅਧਿਐਨ ਕੀਤਾ ਗਿਆ ਹੈ।

## ਤਤਕਰਾ


| | |
|---|---|
| ਘੋਸ਼ਣਾ ਪੱਤਰ | i |
| ਪ੍ਰਮਾਣ ਪੱਤਰ | ii |
| ਭੂਮਿਕਾ | iii-iv |
| ਤਤਕਰਾ | v-vii |

## ਅਧਿਆਇ ਪਹਿਲਾ

### 1.ਸਿਧਾਂਤਕ ਪਿੱਠ ਭੂਮੀ

| | |
|---|---|
| 1.1. ਵਿਸ਼ੇ ਦੀ ਸਾਰਥਿਕਤਾ | 1 |
| 1.2 ਉਦੇਸ਼ | 1 |
| 1.3 ਪਰਿਕਲਪਨਾ | 1 |
| 1.4. ਖੋਜ ਵਿਧੀਆਂ | 1 |
| 1.5 ਪੂਰਵ ਖੋਜ ਕਾਰਜ | 2-4 |
| 15.1 ਖੋਜ ਪ੍ਰਬੰਧ | 2-3 |
| 1.5.2. ਵਿਸ਼ੇ ਨਾਲ ਸੰਬੰਧਿਤ ਪੁਸਤਕਾਂ | 3-4 |
| 1.6 ਸਿਧਾਂਤ | 4 |
| 1.6.1 ਭਾਸ਼ਾਈ ਪੈਰਾਡਾਇਮ | 4 |
| 1.6.2. ਪਰਿਭਾਸ਼ਾ | 5 |
| 1.7 ਕਾਵਿ ਭਾਸ਼ਾ-ਸਿਧਾਂਤਕ ਪੱਖ | 5 |
| 1.7.1 ਵਿਸ਼ਾ ਪੱਖ | 5 |
| 1.7.2. ਕਲਾ ਪੱਖ | 6-7 |
| 1.8 ਭਾਰਤੀ ਕਾਵਿ ਸ਼ਾਸਤਰ | 8-9 |
| 1.9 ਪੱਛਮੀ ਸਿਧਾਂਤ | 9-10 |

1.10 ਕਵਿਤਾ ਦਾ ਸਿਧਾਂਤਕ ਪੱਖ 11-13

1.10.1. ਕਵਿਤਾ ਦੀ ਪਰਿਭਾਸ਼ਾ 13

1.11. ਅਮਰਜੀਤ ਕੌਂਕੇ ਜੀਵਨ ਤੇ ਰਚਨਾ 14-21

## ਅਧਿਆਇ ਦੂਜਾ

**2. ਅਮਰਜੀਤ ਕੌਂਕੇ: ਕਾਵਿ ਭਾਸ਼ਾਈ ਬਣਤਰ ਅਤੇ ਅਰਥ ਸੰਚਾਰ** 24-25

2.1. ਕਾਵਿ ਭਾਸ਼ਾ ਬਣਤਰ 26-35

2.2. ਕਾਵਿ ਭਾਸ਼ਾਈ ਜੁਗਤਾਂ ਰਾਹੀਂ ਅਰਥ ਸੰਚਾਰ 35

2.2.1. ਕਾਵਿ ਚਿਹਨ 35-38

2.2.2. ਬਿੰਬ 38-43

2.2.3. ਅਲੰਕਾਰ 43-45

## ਅਧਿਆਇ ਤੀਸਰਾ

**3. ਅਮਰਜੀਤ ਕੌਂਕੇ ਕਾਵਿ: ਅਰਥ ਸਿਰਜਣ ਵਿਧੀ ਦੇ ਨਵੇਂ ਭਾਸ਼ਾਈ ਸੰਕਲਪ** 49-52

3.1. ਅਰਥਾਂ ਦੇ ਆਧਾਰ ਤੇ ਸ਼ਬਦਾਂ ਦਾ ਵਰਗੀਕਰਨ 52-53

3.2. ਅਰਥਾਂ ਦੇ ਆਧਾਰ ਤੇ ਕੌਂਕੇ ਕਾਵਿ ਵਿਚਲੇ ਭਾਸ਼ਾਈ ਅਰਥਾਂ ਦੇ ਵਿਭਿੰਨ ਪਹਿਲੂ 54

3.2.1 ਧੁਨੀ ਵਿਉਂਤ ਰਾਹੀਂ ਅਰਥ ਨਿਖੇੜ 54-57

3.2.2.ਦੋਹਰੇ ਸ਼ਬਦਾਂ ਦਾ ਪ੍ਰਯੋਗ 57-59

3.2.3. ਵਿਪਰੀਤਾਰਥਕ ਸ਼ਬਦਾਂ ਦੀ ਵਰਤੋਂ 59-60

3.2.4. ਰੂਪਕ ਦਾ ਪ੍ਰਯੋਗ 60-62

3.2.5. ਸਮਧੁਨੀ ਸ਼ਬਦਾਂ ਦਾ ਪ੍ਰਯੋਗ 62-63

3.2.6. ਸ਼ਬਦ ਸ਼ਕਤੀਆਂ ਰਾਹੀਂ ਅਰਥ ਨਿਖੇੜ 63-64

3.2.7. ਸਮਾਨਾਰਥਕ ਸ਼ਬਦਾਂ ਦੇ ਪ੍ਰਯੋਗ ਦੁਆਰਾ ਅਰਥ ਨਿਖੇੜ 64-67

## ਅਧਿਆਇ ਚੌਥਾ


**4. ਅਮਰਜੀਤ ਕੌਂਕੇ ਕਾਵਿ: ਸੁਹਜ ਸੰਵੇਦਨਾ ਦੇ ਭਾਸ਼ਾਈ ਅਤੇ ਕਾਵਿਕ ਪਾਸਾਰ** 71-74

4.1. ਸੁਹਜ ਸੰਵੇਦਨਾ ਅਤੇ ਕਾਵਿਕ ਲੈਅ 75

4.1.1. ਕਾਵਿ ਦਾ ਰੂਪ 75

4.1.2. ਸੰਗੀਤਾਤਮਕਤਾ 75

4.1.3.ਕੋਮਲ ਵਰਨ 76

4.1.4. ਸੰਗੀਤਾਤਮਕਤਾ ਲਈ ਖ਼ਾਸ ਸ਼ਬਦਾਂ ਦੀ ਵਰਤੋਂ 77

4.1.5. ਸਮਾਸ 77-78

4.2. ਰੂਪਗਤ ਕਾਵਿ ਸੁਹਜ 78-81

4.3. ਵਿਸ਼ਾਗਤ ਕਾਵਿ ਸੰਵੇਦਨਾ 81-83

ਸਥਾਪਨਾਵਾਂ ਅਤੇ ਸਿੱਟੇ 86-87

ਨਿੱਜੀ ਮੁਲਾਕਾਤ 88-91

ਪੁਸਤਕ ਸੂਚੀ 92-93

# ਅਧਿਆਇ ਪਹਿਲਾ

# ਸਿਧਾਂਤਕ ਪਿੱਠ ਭੂਮੀ

## ਵਿਸ਼ੇ ਦੀ ਸਾਰਥਕਤਾ

ਅਜੋਕਾ ਦੌਰ ਤਬਦੀਲੀਆਂ ਦਾ ਦੌਰ ਹੈ ਜਿੱਥੇ ਪੁਰਾਣੇ ਸਮਿਆਂ ਵਿਚ ਤਬਦੀਲੀਆਂ ਦੀ ਤੋਰ ਕਈ ਸਮੇਂ ਤੱਕ ਵੀ ਮਹਿਸੂਸ ਕਰਨੀ ਮੁਸ਼ਕਿਲ ਸੀ ਫੇਰ ਸਾਲਾਂ ਤੋਂ ਦਹਾਕਿਆਂ ਬਾਅਦ ਤਬਦੀਲੀ ਦੀ ਗਤੀ ਬਦਲਣ ਲੱਗੀ, ਉੱਥੇ ਅਜੋਕੇ ਯੁੱਗ ਵਿਚ ਹਰ ਦਿਨ ਵਾਪਰ ਰਹੀ ਹੈ। ਇਸੇ ਤਰ੍ਹਾਂ ਭਾਸ਼ਾ ਦੇ ਸੰਚਾਰ ਵਿਚ ਅਨੇਕਾਂ ਤਬਦੀਲੀਆਂ ਵਾਪਰ ਰਹੀਆਂ ਹਨ। ਇਹ ਖੋਜ ਪ੍ਰਬੰਧ ਭਾਸ਼ਾ ਵਿਚ ਵਾਪਰ ਰਹੀਆਂ ਤਬਦੀਲੀਆਂ ’ਤੇ ਭਾਸ਼ਾ ਦੇ ਸੰਚਾਰ ਪ੍ਰਬੰਧ ਵਿਚ ਆਈ ਤਬਦੀਲੀ ਨੂੰ ਪੇਸ਼ ਕਰਦਾ ਹੈ। ਇਸ ਦਾ ਆਧਾਰ ਅਮਰਜੀਤ ਕੌਂਕੇ ਦਾ ਕਾਵਿ ਸੰਸਾਰ ਹੈ। ਉਸ ਨੇ ਬਦਲ ਰਹੀਆਂ ਮਾਨਵੀਂ ਪ੍ਰਸਿਥਤੀਆਂ ਨੂੰ ਨਵੇਂ ਭਾਸ਼ਾਈ ਅਰਥ ਸੰਚਾਰ ਪ੍ਰਦਾਨ ਕੀਤੇ ਹਨ। ਇਨ੍ਹਾਂ ਦਾ ਅਧਿਐਨ ਕਰਨਾ ਇਸ ਖੋਜ ਪ੍ਰਬੰਧ ਦੀ ਖ਼ਾਸੀਅਤ ਹੈ।

## ਉਦੇਸ਼

ਇਸ ਖੋਜ ਕਾਰਜ ਨੂੰ ਪੂਰਾ ਕਰਨ ਲਈ ਜੋ ਉਦੇਸ਼ ਨਿਰਧਾਰਿਤ ਕੀਤੇ ਹਨ। ਉਹ ਹੇਠ ਲਿਖੇ ਅਨੁਸਾਰ ਹਨ।

- ਅਮਰਜੀਤ ਕੌਂਕੇ ਦੇ ਕਾਵਿ ਵਿਚ ਕਾਵਿ ਭਾਸ਼ਾਈ ਬਣਤਰ ਅਤੇ ਅਰਥ ਸੰਚਾਰ ਦਰਸਾਉਣਾ।
- ਅਮਰਜੀਤ ਕੌਂਕੇ ਦੇ ਕਾਵਿ ਵਿਚ ਅਰਥ ਸਿਰਜਣ ਵਿਧੀ ਦੇ ਨਵੇਂ ਕਾਵਿ ਭਾਸ਼ਾਈ ਸੰਕਲਪਾਂ ਨੂੰ ਦਰਸਾਉਣਾ।
- ਅਮਰਜੀਤ ਕੌਂਕੇ ਦੇ ਕਾਵਿ ਵਿਚ ਸੁਹਜ ਸੰਵੇਦਨਾ ਦੇ ਭਾਸ਼ਾਈ ਅਤੇ ਕਾਵਿਕ ਪਸਾਰਾਂ ਨੂੰ ਦਰਸ਼ਾਉਣਾ।

## ਪਰਿਕਲਪਨਾ

- ਅਮਰਜੀਤ ਕੌਂਕੇ ਦੇ ਕਾਵਿ ਵਿਚ ਕਾਵਿ ਭਾਸ਼ਾਈ ਬਣਤਰ ਅਤੇ ਅਰਥ ਸੰਚਾਰ ਦਰਸਾਇਆ ਗਿਆ ਹੈ।
- ਅਮਰਜੀਤ ਕੌਂਕੇ ਦੇ ਕਾਵਿ ਵਿਚ ਅਰਥ ਸਿਰਜਣ ਵਿਧੀ ਦੇ ਨਵੇਂ ਕਾਵਿ ਭਾਸ਼ਾਈ ਸੰਕਲਪਾਂ ਨੂੰ ਦਰਸਾਇਆ ਗਿਆ ਹੈ।
- ਅਮਰਜੀਤ ਕੌਂਕੇ ਦੇ ਕਾਵਿ ਵਿਚ ਸੁਹਜ ਸੰਵੇਦਨਾ ਦੇ ਭਾਸ਼ਾਈ ਅਤੇ ਕਾਵਿਕ ਪਸਾਰਾਂ ਨੂੰ ਦਰਸਾਇਆ ਗਿਆ ਹੈ।

## ਖੋਜ ਵਿਧੀਆਂ

- ਭਾਸ਼ਾ ਵਿਗਿਆਨ ਵਿਧੀ
- ਭਾਰਤੀ ਕਾਵਿ ਸ਼ਾਸ਼ਤਰ ਵਿਧੀ

## ਪੂਰਵ ਖੋਜ ਕਾਰਜ

## ਖੋਜ ਪ੍ਰਬੰਧ

**ਰੰਧਾਵਾ, ਸਿਮਰਜੀਤ ਕੌਰ , ਅਮਰਜੀਤ ਕੌਂਕੇ ਦੀ ਕਾਵਿ-ਸੰਵੇਦਨਾ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ,** 2008.

ਇਸ ਖੋਜ ਕਾਰਜ ਵਿਚ ਅਮਰਜੀਤ ਕੌਂਕੇ ਦੀ ਕਾਵਿ ਸੰਵੇਦਨਾ ਦਾ ਅਧਿਐਨ ਵਿਸ਼ਾ ਪੱਖ ਅਤੇ ਕਲਾ ਪੱਖ ਦੇ ਆਧਾਰ ਤੇ ਕੀਤਾ ਗਿਆ ਹੈ। ਵਿਸ਼ਾ ਪੱਖ ਵਿਚ ਕਾਵਿ ਦਾ ਵਿਸ਼ਾ ਵਸਤੂ, ਜਿਸ ਵਿਚ ਵਿਚਾਰ, ਕਲਪਨਾ, ਜ਼ਜਬੇ, ਦ੍ਰਿਸ਼ਟੀਕੋਣ ਆਦਿ ਦੀ ਚਰਚਾ ਕੀਤੀ ਜਾਂਦੀ ਹੈ। ਕਲਾ ਪੱਖ ਵਿਚ ਸ਼ਬਦਾਵਲੀ, ਬਿੰਬ, ਪ੍ਰਤੀਕ, ਚਿਹਨ, ਅੱਲਕਾਰ, ਸੰਗੀਤਕ ਤੱਤ, ਛੰਦ ਆਦਿ ਬਾਰੇ ਵਿਚਾਰ ਪ੍ਰਗਟਾਏ ਜਾਂਦੇ ਹਨ।

**ਸਿੰਘ, ਮੁਖਤਿਆਰ, ਅਮਰਜੀਤ ਕੌਂਕੇ ਦੀਆਂ ਕਾਵਿ ਜੁਗਤਾਂ, ਪਟਿਆਲਾ, ਪੰਜਾਬੀ ਯੂਨੀਵਰਸਿਟੀ,** 2009.

ਇਸ ਥੀਸਿਸ ਵਿਚ ਅਮਰਜੀਤ ਕੌਂਕੇ ਦੀਆਂ ਕਾਵਿ ਜੁਗਤਾਂ ਬਾਰੇ ਵਿਸਥਾਰ ਪੂਰਵਕ ਅਧਿਐਨ ਕੀਤਾ ਗਿਆ ਹੈ।ਇਸ ਖੋਜ ਕਾਰਜ ਰਾਹੀਂ ਅਮਰਜੀਤ ਕੌਂਕੇ ਨੂੰ ਸਾਧਾਰਨ ਭਾਸ਼ਾਈ ਅਰਥ ਸਿਰਜਣ ਦੇ ਪ੍ਰਕਾਰ, ਢੰਗ ਅਤੇ ਪ੍ਰਕਿਰਿਆ ਰਾਹੀਂ ਕਾਵਿ ਭਾਸ਼ਾਈ ਸੰਚਾਰ ਨੂੰ ਬਹੁ-ਅਰਥਕਤਾ ਪ੍ਰਦਾਨ ਕਰਨ ਵਿਚ ਅਸਾਧਾਰਨ ਨਿਪੁੰਨਤਾ ਰੱਖਣ ਵਾਲਾ ਕਵੀ ਮੰਨਿਆਂ ਗਿਆ ਹੈ।

**ਜਨਕ ਰਾਜ, ਅਮਰਜੀਤ ਕੌਂਕੇ ਦੀ ਕਾਵਿ-ਸੰਵੇਦਨਾ, ਕੁਰੂਕਸ਼ੇਤਰ, ਕੁਰੂਕਸ਼ੇਤਰ ਯੂਨੀਵਰਸਿਟੀ,** 2011.

ਇਸ ਥੀਸਿਸ ਵਿਚ ਇਹ ਦਰਸਾਇਆ ਗਿਆ ਹੈ ਕਿ ਕੌਂਕੇ ਦੀ ਸ਼ਾਇਰੀ ਮਨੁੱਖੀ ਮਨ ਅੰਦਰਲੀ ਬੇਚੈਨੀ, ਭਟਕਣਾ ਅਤੇ ਉਦਾਸੀ ਪੇਸ਼ ਕਰਦੀ ਹੈ ਕਿਉਂਕਿ ਆਧੁਨਿਕ ਮਨੁੱਖ ਕੋਲ ਜੋ ਹੈ ਉਸ ਨਾਲ ਉਹ ਸੰਤੁਸ਼ਟ ਨਹੀਂ ਹੈ, ਅਤੇ ਉਹ ਜੋ ਪਾਉਣਾ ਚਾਹੁੰਦਾ ਹੈ ਉਸ ਲਈ ਕੇਵਲ ਭਟਕਣਾ ਦੀ ਦਰਕਾਰ ਹੈ।

**ਭਾਰਤੀ, ਰਾਤੇਜ, ਅਮਰਜੀਤ ਕੌਂਕੇ ਦੀ ਕਾਵਿ ਸੰਵੇਦਨਾ, ਕੁਰੂਕਸ਼ੇਤਰ, ਕੁਰੂਕਸ਼ੇਤਰ ਯੂਨੀਵਰਸਿਟੀ,** 2002.

ਇਸ ਖੋਜ ਕਾਰਜ ਵਿਚ ਕੌਂਕੇ ਦੇ ਜੀਵਨ ਤੇ ਰਚਨਾ ਵਿਚਕਾਰ ਸੰਬੰਧ ਸਥਾਪਿਤ ਕਰਦਿਆਂ ਅਮਰਜੀਤ ਦੀ ਕਵਿਤਾ ਦਾ ਵਿਸਥਾਰ ਪੂਰਵਕ ਅਧਿਅਨ ਕੀਤਾ ਗਿਆ ਹੈ। ਕੌਂਕੇ ਦੀ ਕਵਿਤਾ ਦੇ ਵਸਤੂ ਪੱਖ ਤੇ ਚਰਚਾ ਕਰਦਿਆ ਕਵਿਤਾ ਦੇ ਮੂਲ

ਮਸਲੇ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਕੌਂਕੇ ਦੀ ਕਵਿਤਾ ਦੇ ਰੂਪ ਸੰਬੰਧੀ ਚਰਚਾ ਕੀਤੀ ਗਈ ਹੈ ਅਤੇ ਕੌਂਕੇ ਦਾ ਸਮਕਾਲੀ ਕਵਿਤਾ ਵਿਚ ਸਥਾਨ ਦਾ ਅਧਿਐਨ ਕੀਤਾ ਗਿਆ ਹੈ।

## ਅਮਰਜੀਤ ਕੌਂਕੇ ਦੀ ਕਵਿਤਾ ਤੇ ਹੋਇਆ ਖੋਜ ਕਾਰਜ (ਪੁਸਤਕਾਂ)

**ਰੰਧਾਵਾ, ਆਤਮ (ਸੰਪਾ.), ਅਮਰਜੀਤ ਕੌਂਕੇ ਕਾਵਿ: ਸਿਰਜਣਾ ਤੇ ਸੰਵਾਦ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2005.**

ਅਮਰਜੀਤ ਕੌਂਕੇ ਕਾਵਿ: ਸਿਰਜਣਾ ਤੇ ਸੰਵਾਦ ਪੁਸਤਕ ਵਿਚ ਉਹ ਸਾਰੇ ਆਲੋਚਨਾ ਪੱਤਰ ਸ਼ਾਮਿਲ ਹਨ ਜੋ ਸਿਮਰਤੀਆਂ ਦੀ ਲਾਲਟੈਣ ਨਾਲ ਸੰਬੰਧਿਤ ਹਨ।ਇਸ ਪੁਸਤਕ ਦੇ ਹਰ ਖੋਜ ਪੱਤਰ ਵਿਚ ਕੌਂਕੇ ਦੀ ਕਵਿਤਾ ਦੀ ਵੱਖਰੀ ਤੇ ਨਿਵੇਕਲੀ ਪਰਤ ਦੇਖਣ ਨੂੰ ਮਿਲਦੀ ਹੈ।ਇਸ ਪੁਸਤਕ ਦਾ ਮੱਹਤਵ ਪੰਜਾਬੀ ਤੋਂ ਪਾਰ ਜਾ ਕੇ ਸਮਕਾਲੀ ਆਲੋਚਨਾ ਦੇ ਵਿਲਖਣ ਸੁਭਾਅ ਨਾਲ ਵੀ ਜੁੜਿਆ ਹੋਇਆ ਹੈ।

**ਕੌਰ, ਲਖਵਿੰਦਰਜੀਤ (ਸੰਪਾ), ਅਮਰਜੀਤ ਕੌਂਕੇ ਦਾ ਕਾਵਿ ਪੈਰਾਡਾਈਮ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2011.**

ਇਸ ਪੁਸਤਕ ਵਿਚ ਵਿਭਿੰਨ ਆਲੋਚਕਾ ਦੇ ਨਿੰਬਧ ਸ਼ਾਮਿਲ ਹਨ। ਇਨ੍ਹਾਂ ਸਾਰੇ ਨਿੰਬਧਾਂ ਵਿਚ ਕੌਂਕੇ ਦੀ ਕਵਿਤਾ ਵਿਭਿੰਨ ਪਾਸਾਰਾਂ ਸੰਬੰਧੀ ਚਰਚਾ ਕੀਤੀ ਗਈ ਹੈ । ਜਿਸ ਤੋਂ ਇਸ ਪੁਸਤਕ ਦੀ ਗੁਣਵੱਤਾ ਤੇ ਮਹੱਤਵ ਦੀ ਪਹਿਚਾਣ ਕੀਤੀ ਜਾ ਸਕਦੀ ਹੈ।

**ਢਿੱਲੋ, ਹਰਵਿੰਦਰ, ਅਮਰਜੀਤ ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦਾ ਸੰਕਲਪ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2014.**

ਇਸ ਪੁਸਤਕ ਵਿਚ ਬੇਗਾਨਗੀ ਦੇ ਸੰਕਲਪ ਨੂੰ ਤਿੰਨ ਅਧਿਆਇ ਵਿਚ ਵੰਡਿਆ ਗਿਆ ਹੈ। **ਅਧਿਅਇ ਪਹਿਲਾ-ਬੇਗਾਨਗੀ:ਸਿਧਾਂਤਕ ਪੱਖ**- ਜਿਸ ਵਿਚ ਬੇਗਾਨਗੀ ਦੇ ਅਰਥ ਵੱਖ-ਵੱਖ ਭਾਸ਼ਾਵਾਂ ਅੰਤਰਗਤ ਦੱਸੇ ਗਏ ਹਨ। ਵੱਖ-ਵੱਖ ਵਿਦਵਾਨਾਂ ਨੇ ਬੇਗਾਨਗੀ ਦੇ ਸੰਕਲਪ ਦੀ ਪਰਿਭਾਸ਼ਾ ਦੇਣ ਦੀ ਕੋਸ਼ਿਸ ਕੀਤੀ ਹੈ। **ਅਧਿਆਇ ਦੂਜਾ-ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦੇ ਸੰਕਲਪ** ਨੂੰ ਦੋ ਪੜਾਵਾਂ ਵਿਚ ਵੰਡਿਆ ਗਿਆ ਹੈ। **ਤੀਜਾ ਅਧਿਆਇ-ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦੇ ਵਿਚਾਰਧਾਰਾਈ ਆਧਾਰ** ਹੈ।

**ਸਿੰਘ, ਬਲਜੀਤ (ਸੰਪਾ.), ਮੁਖਤਿਆਰ ਸਿੰਘ, ਅਮਰਜੀਤ ਕੌਂਕੇ-ਕਾਵਿ ਚਿੰਤਨ ਤੇ ਸਮੀਖਿਆ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2014.**

ਇਸ ਪੁਸਤਕ ਦੇ ਸਾਰੇ ਨਿਬੰਧਾਂ ਵਿਚ ਅਮਰਜੀਤ ਕੌਂਕੇ ਦੀ ਕਵਿਤਾ ਦੇ ਵਿਭਿੰਨ ਪਸਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਅਮਰਜੀਤ ਕੌਂਕੇ ਦੀ ਕਵਿਤਾ ਸਮਾਜਿਕ, ਸਭਿਆਚਾਰਕ, ਆਰਥਿਕ, ਰਾਜਨੀਤਿਕ ਅਤੇ ਮਨੋਵਿਗਿਆਨਕ ਪ੍ਰਵਚਨਾਂ ਦੀ ਲਖਾਇਕ ਹੈ। ਵਿੰਭਿਨ ਸਥਿਤੀਆਂ-ਪ੍ਰਸਥਿਤੀਆਂ, ਘਟਨਾਵਾਂ ਨੂੰ ਕਵਿਤਾ ਵਿਚ ਸਿਰਜਣ ਦਾ ਕੌਂਕੇ ਸਫ਼ਲ ਤੇ ਮਾਹਿਰ ਕਵੀ ਮੰਨਿਆ ਗਿਆ ਹੈ।

**ਕੌਰ, ਭੁਪਿੰਦਰ (ਸੰਪਾ.), ਅਮਰਜੀਤ ਕੌਂਕੇ-ਕਾਵਿ, ਪੰਧ ਤੇ ਪ੍ਰਬੰਧ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2015.**

ਇਸ ਪੁਸਤਕ ਦੇ ਲਗਪੱਗ ਦਸ ਆਲੋਚਕਾਂ ਦੇ ਆਲੋਚਨਾਤਮਕ ਨਿਬੰਧ ਸ਼ਾਮਿਲ ਹਨ। ਜਿਨ੍ਹਾਂ ਵਿਚ ਉਸ ਦੀ ਕਵਿਤਾ ਨੂੰ ਆਧਾਰ ਬਣਾ ਕੇ ਵੱਖ-ਵੱਖ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

**ਕੌਰ, ਸੰਦੀਪ (ਸੰਪਾ.), ਕੌਰ, ਰਮਨਦੀਪ (ਸੰਪਾ.), ਅਮਰਜੀਤ ਸਿੰਘ ਦੀ ਕਵਿਤਾ ਸਵੈ ਚਿੰਤਨ ਤੋਂ ਯੁੱਗ-ਚੇਤਨਾ ਤੱਕ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ਼, 2016.**

ਇਸ ਪੁਸਤਕ ਵਿਚ ਅਮਰਜੀਤ ਕੌਂਕੇ ਦੇ ਕਾਵਿ ਜਗਤ ਨਾਲ ਸਬੰਧਿਤ ਅਨੇਕਾਂ ਆਲੋਚਕਾਂ ਦੇ ਆਲੋਚਨਾਤਮਕ ਲੇਖ ਦਰਜ਼ ਹਨ। ਜਿਸ ਵਿਚ ਉਨ੍ਹਾਂ ਨੇ ਅਮਰਜੀਤ ਕੌਂਕੇ ਦੀ ਸ਼ਾਇਰੀ ਨੂੰ ਆਧਾਰ ਬਣਾ ਕੇ ਭਿੰਨ-ਭਿੰਨ ਪਾਸਾਰਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।

**ਸਿਧਾਂਤ:-** ਹਥਲੇ ਖੋਜ ਕਾਰਜ ਨੂੰ ਪੂਰਾ ਕਰਨ ਲਈ ਹੇਠ ਲਿਖੇ ਸਿਧਾਂਤ ਦੀ ਵਰਤੋਂ ਕੀਤੀ ਜਾਵੇਗੀ।

**ਭਾਸ਼ਾਈ ਪੈਰਾਡਾਇਮ**

ਭਾਸ਼ਾਈ ਪੈਰਾਡਾਇਮ ਤੋਂ ਭਾਵ ਇਕ ਅਜਿਹੀ ਬਣਤਰ ਹੈ ਜਿਸ ਵਿਚ ਵੱਖ-ਵੱਖ ਭਾਸ਼ਾਈ ਯੂਨਿਟ ਇਕ ਪ੍ਰਬੰਧ ਵਿਚ ਬੱਝ ਕੇ ਬਣਤਰ ਜਾਂ ਇਕ ਮਾਡਲ ਦਾ ਰੂਪ ਅਖਤਿਆਰ ਕਰਦੇ ਹਨ। ਜਿਵੇਂ ਅਮਰਜੀਤ ਕੌਂਕੇ ਦੀ ਕਵਿਤਾ ਵਿਚ ਉਸ ਦੀ ਕਾਵਿ ਸਿਰਜਣਾ ਵਿਚ ਅਨੇਕਾਂ ਭਾਸ਼ਾਈ ਯੂਨਿਟ ਵਿਦਮਾਨ ਹਨ ਜੋ ਭਾਸ਼ਾਈ ਪੈਰਾਡਾਇਮ ਦੀ ਸਿਰਜਣਾ ਕਰਦੇ ਹਨ। ਉਹ ਕਵਿਤਾ ਵਿਚ ਨਵੇਂ ਅਰਥ ਵਿਸਥਾਰ ਹੀ ਨਹੀਂ ਸਿਰਜਦਾ ਬਲਕਿ ਕਵਿਤਾ ਨੂੰ ਕਾਵਿ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਨਵੀਂ ਦਿਸ਼ਾ ਵੀ ਪ੍ਰਧਾਨ ਕਰਦਾ ਹੈ। ਇਸ ਤਰ੍ਹਾਂ ਇਹ ਸਾਰੇ ਭਾਸ਼ਾਈ ਯੂਨਿਟ ਇਕ ਤਰਤੀਬ ਵਿਚ ਬੱਝ ਕੇ ਮਾਲਾ ਦੇ ਮੋਤੀ ਪ੍ਰਤੀਤ ਹੁੰਦੇ ਭਾਸ਼ਾਈ ਪੈਰਾਡਾਇਮ ਸਿਰਜਦੇ ਹਨ। ਭਾਸ਼ਾ ਆਵਸ਼ਕ ਆਵਾਜ਼ ਤੇ ਅਰਥ ਦੇ ਵਿਚਕਾਰ ਰਿਸ਼ਤੇ ਦਾ ਇਕ ਸ਼ਿਸ਼ਟਮ ਹੈ। ਭਾਸ਼ਾਈ ਪੈਰਾਡਾਇਮ ਇਕ ਅਜਿਹਾ ਸਿਧਾਂਤ ਹੈ ਜੋ ਆਂਤਰਿਕ ਸੰਰਚਨਾ ਦੀ ਦ੍ਰਿਸ਼ਟੀ ਤੋਂ ਕਿਸੇ ਭਾਸ਼ਾ ਨੂੰ ਸਮਝਣ ਦਾ ਯਤਨ ਕਰਦਾ ਹੈ। ਭਾਸ਼ਾਈ ਪੈਰਾਡਾਇਮ ਸਾਹਿਤ ਵਾਂਗ ਮਨੁੱਖ ਦੀਆਂ ਭਾਵਨਾਵਾਂ ਨੂੰ ਨਹੀਂ ਛੂੰਹਦਾ ਸਗੋਂ ਇਸ ਦੁਆਰਾ ਭਾਸ਼ਾ ਦੀਆਂ ਧੁਨੀਆਂ, ਰੂਪਾਂ, ਸ਼ਬਦਾਂ, ਭਾਵੰਸਾਂ, ਅਰਥਾਂ, ਵਾਕਾਂ ਆਦਿ ਦਾ ਵਿਸਲੇਸ਼ਣ ਕੀਤਾ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਭਾਸ਼ਾ ਦੇ ਵੱਖ-ਵੱਖ ਪੱਖਾਂ ਦਾ ਵਿਸਲੇਸ਼ਣ ਕਰਨਾ ਹੈ।

ਇਸ ਖੋਜ ਪ੍ਰੰਬਧ ਵਿਚ ਭਾਸ਼ਾਈ ਪੈਰਾਡਾਇਮ ਰਾਹੀਂ ਕੌਂਕੇ ਦੀ ਕਵਿਤਾ ਵਿਚ ਰੂਪ ਪ੍ਰਣਾਲੀ, ਧੁਨੀ ਪ੍ਰਣਾਲੀ, ਸ਼ਬਦ ਪ੍ਰਣਾਲੀ, ਵਾਕਾਂਸ ਪ੍ਰਣਾਲੀ ਆਦਿ ਸੰਬੰਧੀ ਪਹਿਚਾਣ ਕਰਨਾ ਹੈ। ਇਸ ਤਰ੍ਹਾਂ ਭਾਸ਼ਾਈ ਪੈਰਾਡਾਇਮ ਕੌਂਕੇ ਦੀ ਕਵਿਤਾ ਵਿਚਲੀ ਭਾਸ਼ਾ ਦੀ ਬਣਤਰ ਦਾ ਸਹੀ ਅਤੇ ਸੰਖੇਪ ਸ਼ਬਦਾਂ ਵਿਚ ਵਰਣਨ ਕਰਦਾ ਹੈ।

**ਪਰਿਭਾਸ਼ਾ**

**ਸਟੀਵਨ ਬਰਡ** ਭਾਸ਼ਾਈ ਪੈਰਾਡਾਇਮ ਨੂੰ ਪਰਿਭਾਸ਼ਿਤ ਕਰਦਾ ਕਹਿੰਦਾ ਹੈ ਕਿ "ਵੱਖ-ਵੱਖ ਭਾਸ਼ਾਈ ਯੂਨਿਟ ਸ਼ਬਦ, ਅਰਥ ਵਿਸਥਾਰ, ਵਾਕੰਸ, ਧੁਨੀ ਪ੍ਰਬੰਧ ਆਪਸੀ ਸਹਿਯੋਗ ਨਾਲ ਇਕ ਭਾਸ਼ਾਈ ਬਣਤਰ ਦੀ ਸਿਰਜਣਾ ਕਰਦੇ ਹਨ।"[1]

ਅਤਰ ਸਿੰਘ ਅਨੁਸਾਰ, " ਭਾਸ਼ਾਈ ਬਣਤਰ ਇਕ ਅਜਿਹੇ ਵਾਕ, ਸ਼ਬਦ, ਧੁਨੀ, ਅਰਥ ਸੰਚਾਰ ਆਦਿ ਦੇ ਸੰਬੰਧ ਨੂੰ ਯੋਜਨਾਬਧ ਢੰਗ ਨਾਲ ਭਾਸ਼ਾਈ ਮਾਡਲ ਦੇ ਰੂਪ ਵਿਚ ਪੇਸ਼ ਕਰਨਾ ਹੈ।"[2]

## ਕਾਵਿ ਭਾਸ਼ਾ-ਸਿਧਾਂਤਕ ਪੱਖ

ਕਾਵਿ ਨੂੰ ਭਾਰਤੀ ਅਤੇ ਪੱਛਮੀ ਸਿਧਾਂਤਾਂ ਅਨੁਸਾਰ ਵੱਖ-ਵੱਖ ਦ੍ਰਿਸ਼ਟੀਕੋਣਾਂ ਅਨੁਸਾਰ ਕਾਵਿ ਸ਼ਾਸਤਰ ਦੇ ਸਿਧਾਂਤਾਂ ਦੇ ਅੰਤਰਗਤ ਅਧਿਐਨ ਕੀਤਾ ਗਿਆ ਹੈ। ਕਾਵਿ ਦੇ ਤੱਤ, ਵਿਸ਼ਾ-ਪੱਖ, ਕਲਾ-ਪੱਖ, ਸਰੂਪ, ਲਛਣ, ਸਿਧਾਂਤਕ ਅਤੇ ਵਿਵਹਾਰਕ ਤੱਤਾਂ ਦੀ ਵਿਆਖਿਆ ਸਮੇਂ-ਸਮੇਂ ਵਿਦਵਾਨਾਂ ਦੇ ਚਿੰਤਨ ਕਰਨ ਦਾ ਮਹੱਤਵਪੂਰਨ ਹਿੱਸਾ ਰਹੀ ਹੈ। ਆਮ ਮਨੁੱਖ ਹਰ ਰੋਜ਼ ਭਾਸ਼ਾ ਦੀ ਵਰਤੋਂ ਕਰਦਾ ਹੈ, ਪਰ ਭਾਸ਼ਾ ਦੀ ਆਮ ਵਰਤੋਂ ਤੋਂ ਹਟ ਕੇ ਵਿਲੱਖਣ ਵਰਤੋਂ ਕਰਨੀ ਹੀ ਕਾਵਿ ਹੈ। ਕਾਵਿ ਦਾ ਮਾਧਿਅਮ ਭਾਸ਼ਾ ਹੈ। ਭਾਸ਼ਾ ਦੇ ਪ੍ਰਯੋਗ ਦੀ ਇਸ ਵਿਲੱਖਣਤਾ ਨੂੰ ਦਰਸਾਉਣ ਲਈ ਕਵੀ ਆਪਣੇ ਕਾਵਿ ਲਈ ਜਿਹੜੇ ਭਾਸ਼ਾਈ ਤੱਤਾਂ ਦੀ ਵਰਤੋਂ ਕਰਦਾ ਹੈ, ਉਹ ਕਾਵਿ ਭਾਸ਼ਾਈ ਤੱਤਾਂ ਦਾ ਰੂਪ ਧਾਰਨ ਕਰਦੇ ਹਨ। ਭਾਸ਼ਾ ਨੂੰ ਸੁੰਦਰ ਬਣਾਉਣ ਲਈ ਜਿਹੜੇ ਵੀ ਤੱਤਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਨ੍ਹਾਂ ਨੂੰ ਵਿਸ਼ਾ-ਪੱਖ ਅਤੇ ਕਲਾ ਪੱਖ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

**ਵਿਸ਼ਾ ਪੱਖ:** ਵਿਸ਼ਾ ਪੱਖ ਵਿਚ ਕਾਵਿ ਦਾ ਵਿਸ਼ਾ ਵਸਤੂ, ਜਿਸ ਵਿਚ ਵਿਚਾਰ, ਕਲਪਨਾ, ਜ਼ਜਬੇ, ਦ੍ਰਿਸ਼ਟੀਕੋਣ ਆਦਿ ਦੀ ਚਰਚਾ ਕੀਤੀ ਜਾਂਦੀ ਹੈ।

ਕਾਵਿ ਦੇ ਵਿਸ਼ਾ ਵਸਤੂ ਸੰਬੰਧੀ ਵਿਆਖਿਆ ਦੇ ਅੰਤਰਗਤ ਕਵਿਤਾ ਦੇ ਤੱਤਾਂ ਦੀ ਅਹਿਮ ਭੂਮਿਕਾ ਹੈ। ਕਾਵਿ ਵਿਚ ਵਿਚਾਰ ਤੱਤ ਇਕ ਅਜਿਹਾ ਤੱਤ ਹੈ ਜੋ ਕਵੀ ਦੇ ਅਨੁਭਵ ਨੂੰ ਸੁਹਜਾਤਮਕ ਰੂਪ ਵਿਚ ਢਾਲਦਾ ਹੈ, ਵਿਚਾਰ ਤੋਂ ਬਿਨਾਂ ਇਕ ਵਾਕ ਲਿਖਣਾ ਵੀ ਅਸੰਭਵ ਹੈ। ਕਵੀ ਇਕ ਸੰਵੇਦਨਸ਼ੀਲ ਮਨੁੱਖ ਹੁੰਦਾ ਹੈ। ਕਵੀ ਆਪਣੇ ਆਲੇ-ਦੁਆਲੇ ਤੋਂ ਜਿਹੜੇ ਅਨੁਭਵ ਪ੍ਰਾਪਤ ਕਰਦਾ ਹੈ। ਉਹ ਅਨੁਭਵ ਉਸ ਦੇ ਵਿਚਾਰਾਂ ਦਾ ਆਧਾਰ ਬਣਦੇ ਹਨ। ਕਵੀ ਆਪਣੀ ਬੁੱਧੀ ਅਨੁਸਾਰ ਹੀ ਕਵਿਤਾ ਦੀ ਸਿਰਜਣਾ ਕਰਦਾ ਹੈ। ਇਸ ਲਈ ਕਵਿਤਾ ਵਿਚ ਕੋਈ ਗੱਲ, ਸੁਨੇਹਾ, ਸਿੱਖਿਆਂ, ਉਪਦੇਸ਼ ਜਾਂ ਕਿਸੇ ਹਾਲਾਤ ਦਾ ਵਰਨਣ ਹੁੰਦਾ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਕਵਿਤਾ ਵਿਚ ਵਿਸ਼ੇ ਦੇ ਰੂਪ ਵਿਚ ਜੋ

ਕੁਝ ਪੇਸ਼ ਕੀਤਾ ਹੁੰਦਾ ਹੈ, ਉਹ ਹੀ ਵਿਚਾਰ ਹੈ। ਕਵਿਤਾ ਸੁਹਜਾਤਮਕ, ਲੈਆਤਮਕ ਹੈ ਜੋ ਕਿ ਮਨੁੱਖੀ ਜੀਵਨ ਦੇ ਅਨੁਭਵ ਵਿਚੋਂ ਪ੍ਰਾਪਤ ਹੋਏ ਵਿਚਾਰਾਂ ਦੁਆਰਾ ਹੀ ਹੋਂਦ ਵਿਚ ਆਉਂਦੀ ਹੈ। ਸਾਹਿਤ ਵਿਚ ਵਿਚਾਰ ਦਾ ਮੁੱਖ ਮੰਤਵ ਜਜ਼ਬਾਤਾਂ, ਭਾਵਨਾਵਾਂ ਨੂੰ ਲੜੀਬੱਧ ਕਰਨਾ ਹੁੰਦਾ ਹੈ।

ਮਨੋਭਾਵ ਜਾਂ ਭਾਵ ਕਵਿਤਾ ਦੀ ਰਚਨਾ ਵਿਚ ਹੀ ਨਹੀਂ ਸਗੋਂ ਸਾਰੇ ਸਾਹਿਤ ਰੂਪ ਵਿਚ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਕਾਵਿ ਚਿੰਤਕਾਂ ਨੇ ਕਵਿਤਾ ਨੂੰ ਜਜ਼ਬਿਆਂ, ਮਨੋਭਾਵਾਂ ਦਾ ਵਹਿਣ ਦੱਸਿਆ ਹੈ। ਕੋਈ ਵੀ ਮਨੁੱਖ/ਕਵੀ ਜਜ਼ਬਿਆਂ ਜਾਂ ਭਾਵਾਂ ਤੋਂ ਸੱਖਣਾ ਨਹੀਂ ਹੋ ਸਕਦਾ ਹੈ। ਉਸ ਵਿਚ ਤਰ੍ਹਾਂ-ਤਰ੍ਹਾਂ ਦੇ ਭਾਵ ਪੈਦਾ ਹੁੰਦੇ ਰਹਿੰਦੇ ਹਨ। ਜਿਵੇਂ:- ਪਿਆਰ, ਤਰਸ, ਡਰ, ਖੁਸ਼ੀ ਆਦਿ ਭਾਵ। ਭਰਤ ਮੁਨੀ ਨੇ ਆਪਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ 'ਭਾਵ' ਸ਼ਬਦ ਦੀ ਚਰਚਾ ਕੀਤੀ ਹੈ। ਉਸ ਨੇ ਨਾਟਕ ਦੇ ਰਮਜ਼ੀ ਅਰਥਾਂ ਨੂੰ ਪ੍ਰਗਟ ਕਰਨ ਵਾਲੇ ਅਤੇ ਵਿਸ਼ਾਲਤਾ ਪ੍ਰਦਾਨ ਕਰਨ ਵਾਲੇ ਤੱਤਾਂ ਨੂੰ ਮਨੋਭਾਵ ਦਾ ਨਾਂ ਦਿੱਤਾ ਹੈ। ਭਰਤ ਮੁਨੀ ਨੇ ਮਨ ਦੀਆਂ ਸਥਿਤੀਆਂ ਨੂੰ ਵਰਣਨ ਕਰਨਾ ਭਾਵ ਕਿਹਾ ਹੈ। ਰਸ ਸਿਧਾਂਤ ਦੀ ਬੁਨਿਆਦ ਹੀ ਭਾਵ ਜਾਂ ਵਲਵਲੇ ਹਨ। ਕਵਿਤਾ ਭਾਵਾਂ 'ਚੋ ਕਿਸੇ ਨਾ ਕਿਸੇ ਭਾਵ ਨੂੰ ਪ੍ਰਗਟਾਉਦੀ ਹੈ।

ਕਲਪਨਾ ਕਾਵਿ ਦੀ ਪ੍ਰਤਿਭਾ ਦਾ ਬੁਨਿਆਦੀ ਤੱਤ ਹੈ। ਕਲਪਨਾ ਤੋਂ ਬਿਨਾਂ ਕਿਸੇ ਵੀ ਕਵਿਤਾ ਦੀ ਸਿਰਜਣਾ ਕਰਨਾ ਅਸੰਭਵ ਹੈ। ਕਵਿਤਾ ਨੂੰ ਕਲਪਨਾ ਦੀ ਪੈਦਾਵਾਰ ਮੰਨਿਆ ਗਿਆ ਹੈ।ਕਲਪਨਾ ਰਚਨਾ ਕਰਨ ਵਾਲੀ ਸ਼ਕਤੀ ਹੈ ਜੋ ਹਰ ਇੱਕ ਬੰਦੇ ਵਿਚ ਹੁੰਦੀ ਹੈ। ਕਲਪਨਾ ਦੀ ਸ਼ਕਤੀ ਨਾਲ ਹੀ ਕਵੀ ਅਣਦੇਖੇ ਤੇ ਅਣਜਾਣੇ ਦ੍ਰਿਸ਼ਾਂ ਤੇ ਵਸਤੂਆਂ ਨੂੰ ਪਾਠਕਾਂ ਸਾਹਮਣੇ ਇਸ ਤਰ੍ਹਾਂ ਪੇਸ਼ ਕਰਦਾ ਹੈ ਜਿਵੇਂ ਉਹ ਸੱਚ ਹੀ ਦੇਖੇ ਲੱਗਦੇ ਹਨ। ਕਲਪਨਾ ਕਵੀ ਦੀ ਕਵਿਤਾ ਪਿੱਛੇ ਪ੍ਰੇਰਨਾ ਦੇਣ ਵਾਲੀ ਇਕ ਮਾਨਸਿਕ ਸ਼ਕਤੀ ਹੈ ਜੋ ਕਵੀ, ਕਵਿਤਾ ਅਤੇ ਪਾਠਕ ਤਿੰਨਾਂ ਨੂੰ ਇਕੋ ਵੇਲੇ ਇਕਸੁਰ ਕਰ ਦਿੰਦੀ ਹੈ। ਕਵੀ ਜੋ ਵੀ ਦੇਖਦਾ, ਸੁਣਦਾ ਜਾਂ ਅਨੁਭਵ ਕਰਦਾ ਹੈ। ਉਸ ਨੂੰ ਕਲਪਨਾ ਰਾਹੀਂ ਪ੍ਰਭਾਵਸ਼ਾਲੀ ਰੂਪ ਦੇ ਕੇ ਪੇਸ਼ ਕਰਦਾ ਹੈ। ਇਸ ਪ੍ਰਕਾਰ ਕਲਪਨਾ ਨੂੰ ਕਾਵਿ ਦਾ ਅਨਿਖੜਵਾ ਅਤੇ ਜ਼ਰੂਰੀ ਤੱਤ ਮੰਨਿਆ ਗਿਆ ਹੈ।ਇਸ ਕਾਵਿ ਲਈ ਪ੍ਰੇਰਨਾ ਸ਼ਕਤੀ ਬਣਦੀ ਹੈ। ਕਲਪਨਾ ਦੀ ਅਭਿਵਿਅਕਤੀ ਹੀ ਕਾਵਿ ਹੁੰਦਾ ਹੈ।

**ਕਲਾ-ਪੱਖ**: ਕਲਾ ਪੱਖ ਵਿਚ ਸ਼ਬਦਾਵਲੀ, ਬਿੰਬ, ਪ੍ਰਤੀਕ, ਚਿਹਨ, ਅੰਲਕਾਰ, ਸੰਗੀਤਕ ਤੱਤ, ਛੰਦ ਆਦਿ ਬਾਰੇ ਵਿਚਾਰ ਪ੍ਰਗਟਾਏ ਜਾਂਦੇ ਹਨ। ਜਿਨ੍ਹਾਂ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਹੈ।

ਸ਼ਬਦਾਵਲੀ: ਕਾਵਿ ਵਿਚ ਸ਼ਬਦਾਵਲੀ ਦੀ ਅਹਿਮ ਭੂਮਿਕਾ ਹੈ। ਸ਼ਬਦ ਕਾਵਿ ਦੇ ਭਿੰਨ-ਭਿੰਨ ਅੰਗਾਂ ਅਨੁਸਾਰ ਹੀ ਚੁਣੇ ਜਾਂਦੇ ਹਨ। ਕਵੀ ਦੀ ਇਹ ਖ਼ਾਸਿਅਤ ਹੁੰਦੀ ਹੈ ਕਿ ਉਹ ਆਪਣੇ ਅਨੁਭਵ ਅਨੁਸਾਰ ਕਾਵਿ ਭਾਸ਼ਾ ਦੀ ਸੁਹਜਾਤਮਕਤਾ ਲਈ ਸਜਾਵਟੀ, ਸਮਾਨਾਰਥਕ ਸ਼ਬਦ, ਮੁਹਾਵਰੇ, ਅਰਥ-ਭਰਪੂਰ ਸ਼ਬਦਾਵਲੀ ਚੁਣਦਾ ਹੈ। ਕਾਵਿ ਵਿਚ ਸ਼ਬਦਾਂ ਦੇ ਨਵ-ਨਿਰਮਾਣ ਦੇ ਨਮੂਨੇ ਮਿਲਦੇ ਹਨ।ਨਵੇਂ ਸਿਰਜੇ ਹੋਏ ਸ਼ਬਦ ਕਾਵਿ ਦੀ ਸ਼ਬਦਾਵਲੀ ਵਿਚ ਵਾਧਾ ਕਰਦੇ ਹਨ। ਕਵੀ ਦੇ ਸਾਹਮਣੇ ਕਾਵਿ ਭਾਸ਼ਾਈ ਸ਼ਬਦਾਂ ਦਾ ਵਿਸ਼ਾਲ ਭੰਡਾਰ ਹੁੰਦਾ ਹੈ। ਉਹ ਆਧੁਨਿਕ ਸ਼ਬਦ, ਦੇਸੀ ਜਾਂ ਵਿਦੇਸ਼ੀ ਸ਼ਬਦ, ਕਿੱਤੇ ਨਾਲ ਸੰਬੰਧਿਤ, ਕੋਸ਼ਾਗਤ ਸ਼ਬਦਾਂ ਆਦਿ ਦੀ ਵਰਤੋਂ ਕਰ ਸਕਦਾ ਹੈ। ਕਵੀ ਆਪਣੇ ਵਿਚਾਰ ਨੂੰ ਵਧੇਰੇ ਪ੍ਰਭਾਵਸ਼ਾਲੀ

ਬਣਾਉਣ ਲਈ ਮੁਹਾਵਰਿਆਂ ਦੀ ਵਰਤੋਂ ਵੀ ਕਰਦਾ ਹੈ। ਕਵੀ ਆਮ ਸ਼ਬਦਾਂ ਨੂੰ ਕਵਿਤਾ ਵਿਚ ਪ੍ਰਯੋਗ ਕਰਦਾ ਹੈ ਤਾਂ ਉਹ ਕਾਵਿ ਸ਼ਬਦਾਵਲੀ, ਦਾ ਹਿੱਸਾ ਬਣ ਜਾਂਦੇ ਹਨ। ਕਾਵਿਕ ਸ਼ਬਦਾਂ ਦੀ ਆਪਣੀ ਇਕ ਬੋਧਿਕ ਸੁੰਦਰਤਾ ਮਿਠਾਸ ਅਤੇ ਕਲਾਮਕਤਾ ਹੁੰਦੀ ਹੈ। ਨਵੇਂ ਸ਼ਬਦਾਂ ਦੇ ਨਿਰਮਾਣ ਵੇਲੇ ਆਮ ਭਾਸ਼ਾਈ ਨਿਯਮ ਭੰਗ ਨਹੀਂ ਹੁੰਦੇ ਸਗੋਂ ਪ੍ਰਚਲਿਤ ਸ਼ਬਦਾਂ ਨੂੰ ਹੀ ਇਸ ਢੰਗ ਨਾਲ ਵਰਤਿਆਂ ਜਾਂਦਾ ਹੈ ਕਿ ਉਨ੍ਹਾਂ ਦੇ ਨਵੇਂ ਅਰਥ ਪ੍ਰਸਤੁਤ ਹੋ ਜਾਂਦੇ ਹਨ। ਜਿਵੇਂ ਅਗੇਤਰ, ਪਿਛੇਤਰ ਦੀ ਵਰਤੋਂ ਆਮ ਭਾਸ਼ਾ ਤੋਂ ਹੱਟ ਕੇ ਕੀਤੀ ਜਾਂਦੀ ਹੈ। ਆਧੁਨਿਕ ਕਾਵਿ ਵਿਚ ਸਮਾਜ ਰਾਹੀਂ ਵੀ ਸ਼ਬਦਾਂ ਦੇ ਨਿਰਮਾਣ ਦੀਆਂ ਉਦਾਹਰਨਾਂ ਮਿਲਦੀਆਂ ਹਨ। ਪੰਜਾਬੀ ਕਾਵਿ ਵਿਚ ਉਰਦੂ, ਸੰਸਕ੍ਰਿਤ, ਹਿੰਦੀ , ਅੰਗਰੇਜ਼ੀ ਆਦਿ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਰਾਹੀਂ ਲੈਅ, ਸੰਗੀਤਾਤਮਕਤਾ, ਕਲਾਤਮਕਤਾ ਪੈਦਾ ਕੀਤੀ ਜਾਂਦੀ ਹੈ। ਜੋ ਕਾਵਿ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੀ ਹੈ ਅਤੇ ਕਾਵਿ ਸੰਚਾਰ ਨੂੰ ਬਹੁ-ਅਰਥਕਤਾ ਦੇ ਰਾਹੀਂ ਸਾਰਥਕ ਬਣਾਉਂਦੀ ਹੈ।

ਪ੍ਰਤੀਕ: ਭਾਸ਼ਾ ਵਿਚ ਕੁਝ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਵਾਰ-ਵਾਰ ਕੀਤੀ ਜਾਂਦੀ ਹੈ। ਜਿਨ੍ਹਾਂ ਦਾ ਉਸ ਸਭਿਆਚਾਰ ਨਾਲ ਰਿਸ਼ਤਾ ਕਾਇਮ ਹੋ ਜਾਂਦਾ ਹੈ, ਅਜਿਹੇ ਸ਼ਬਦਾਂ ਦੇ ਅਰਥ ਹਰ ਵਿਅਕਤੀ ਦੇ ਮਨ ਵਿਚ ਭਾਵਨਾ ਪੈਦਾ ਕਰਦੇ ਹਨ। ਅਜਿਹੇ ਸ਼ਬਦ ਹੀ ਪ੍ਰਤੀਕ ਹੁੰਦੇ ਹਨ। ਕਾਵਿ ਲਈ ਪ੍ਰਤੀਕਾਂ ਦੀ ਬੁਨਿਆਦੀ ਅਤੇ ਜ਼ਰੂਰੀ ਲੋੜ ਹੁੰਦੀ ਹੈ ਅਤੇ ਹਰ ਪ੍ਰਤੀਕਾਤਮਕ ਹੁੰਦਾ ਹੈ। ਪ੍ਰਤੀਕ ਕਵਿਤਾ ਵਿਚ ਵਰਤੇ ਗਏ ਅਜਿਹੇ ਸ਼ਬਦ ਹੁੰਦੇ ਹਨ ਜਿਹੜੇ ਅਣਕਹੇ ਅਤੇ ਅਣਵੇਖੇ ਵਿਸ਼ੇ ਦੀ ਪ੍ਰਤੀਨਿਧਤਾ ਕਰਦੇ ਹਨ। ਪ੍ਰਤੀਕਾਂ ਦੀ ਵਰਤੋਂ ਨਾਲ ਜਿਥੇ ਕਵਿਤਾ ਦੀ ਬੋਲੀ ਵਿਚ ਅਰਥਾਂ ਦੇ ਸੰਚਾਰ ਦੀ ਸਮਰੱਥਾ ਆ ਜਾਂਦੀ ਹੈ ਉਥੇ ਸੰਬੰਧਿਤ ਵਸਤੂ ਦੇ ਗੁਣਾਂ ਦੀ ਭਾਵਨਾਂ ਪਾਠਕਾਂ ਦੇ ਮਨਾਂ ਵਿਚ ਸਮਾ ਜਾਂਦੀ ਹੈ।

ਬਿੰਬ: ਬਿੰਬ ਕਵਿਤਾ ਦਾ ਇਕ ਉਸਾਰੂ ਤੱਤ ਹੈ ਬਿੰਬ ਕਵਿਤਾ ਦੇ ਸ਼ਬਦ ਚਿਤਰ ਹਨ। ਕਵੀ ਆਪਣੀ ਕਵਿਤਾ ਵਿਚ ਆਪਣੀ ਬੋਲੀ ਤੇ ਸ਼ਬਦਾਂ ਨਾਲ ਕਿਸੇ ਵਸਤੂ ਦਾ ਇਸ ਤਰ੍ਹਾਂ ਵਰਨਣ ਕਰਦਾ ਹੈ ਕਿ ਪਾਠਕ ਦੇ ਦਿਮਾਗ ਵਿਚ ਉਸ ਵਸਤੂ ਦੀ ਤਸਵੀਰ ਜਿਹੀ ਉਭਰ ਜਾਂਦੀ ਹੈ। ਪਾਠਕਾਂ ਦੇ ਮਨ ਵਿਚ ਜੋ ਤਸਵੀਰ ਉਭਰਦੀ ਹੈ ਇਹ ਹੀ ਬਿੰਬ ਹੈ। ਜਿਵੇਂ ਇਕ ਚਿਤਰਕਾਰ ਰੰਗਾ ਨਾਲ ਚਿਤਰ ਬਣਾਉਂਦਾ ਹੈ। ਉਸੇ ਤਰ੍ਹਾਂ ਕਵੀ ਸ਼ਬਦਾਂ, ਧੁਨੀਆਂ ਤੇ ਬੋਲਾਂ ਨਾਲ ਚਿਤਰ ਤਿਆਰ ਕਰਦਾ ਹੈ। ਜੋ ਤਸਵੀਰ ਕਵੀ ਨੇ ਦਿਮਾਗ ਵਿਚ ਬਣਾਈ ਹੈ ਉਸੇ ਤਰ੍ਹਾਂ ਦੀ ਤਸਵੀਰ ਕਵਿਤਾ ਰਾਹੀਂ ਉਹ ਪਾਠਕਾਂ ਦੇ ਮਨਾਂ ਵਿਚ ਵੀ ਉਜਾਗਰ ਕਰਦਾ ਹੈ, ਇਹ ਹੀ ਅਸਲੀ ਬਿੰਬ ਹੁੰਦੇ ਹਨ।

ਅਲੰਕਾਰ:- ਅਲੰਕਾਰ ਦਾ ਅਰਥ ਹੈ ਗਹਿਣਾ ਜਾਂ ਸਜਾਵਟ ਕਰਨ ਵਾਲਾ। ਅਲੰਕਾਰ ਅਜਿਹੇ ਗਹਿਣੇ ਹਨ ਜਿਹੜੇ ਕਵਿਤਾ ਦੀ ਸਜਾਵਟ ਕਰਕੇ ਇਸ ਦੇ ਪ੍ਰਭਾਵ ਨੂੰ ਵਧਾਉਂਦੇ ਹਨ। ਕਾਵਿ ਵਿਚ ਕਵੀ ਵਰਨਾਂ, ਧੁਨੀਆਂ, ਸ਼ਬਦਾਂ, ਵਾਕਾਂ, ਮੁਹਾਵਰਿਆਂ ਨੂੰ ਅਜਿਹੇ ਢੰਗ ਨਾਲ ਜੜਦਾ ਹੈ ਕਿ ਉਹ ਸੁਹਜ ਪੈਦਾ ਕਰਦੇ ਹਨ।ਇਹ ਸੁਹਜ ਹੀ ਅਲੰਕਾਰ ਹੈ। ਇਸ ਤਰ੍ਹਾਂ ਕਾਵਿ ਵਿਚ ਸ਼ਬਦ ਦੇ ਅਲੰਕਾਰ ਅਤੇ ਅਰਥਾਂ ਦੇ ਅਲੰਕਾਰ ਹੁੰਦੇ ਹਨ। ਇਸ ਪ੍ਰਕਾਰ ਅਲੰਕਾਰ ਵੀ ਭਾਸ਼ਾ ਸੰਚਾਰ ਵਿਚ ਵਾਧਾ ਕਰਦੇ ਹਨ।

ਛੰਦ: ਕਾਵਿ ਵਿਚ ਛੰਦ ਦਾ ਵੀ ਵਿਸ਼ੇਸ਼ ਮੱਹਤਵ ਹੈ। ਮੱਧ-ਕਾਲ ਵਿਚ ਛੰਦ ਯੁਕਤ ਕਾਵਿ ਸੀ। ਆਧੁਨਿਕ ਸਮੇਂ ਵਿਚ ਭਾਵੇਂ ਛੰਦ ਮੁਕਤ ਕਾਵਿ ਜ਼ਿਆਦਾ ਪ੍ਰਚਲਿਤ ਹੋ ਰਹੀ ਹੈ। ਕਵਿਤਾ ਵਿਚ ਅੱਖਰਾਂ ਦੀ ਖ਼ਾਸ ਗਿਣਤੀ-ਮਿਣਤੀ ਦੁਆਰਾ ਤੁਕਾਂਤ ਦਾ ਜੋ ਸਹੀ ਮੇਲ ਹੁੰਦਾ ਹੈ, ਉਹੋ ਛੰਦ ਹੈ। ਕਵਿਤਾ ਵਿਚ ਵਰਨਾਂ ਅਤੇ ਮਾਤਰਾ ਦੀ ਖ਼ਾਸ ਵਿਉਂਤ ਹੁੰਦੀ ਹੈ। ਜਿਸ ਨਾਲ ਸੁਰ ਤਾਲ ਪੈਦਾ ਹੁੰਦਾ ਹੈ। ਛੰਦ ਕਵਿਤਾ ਦੇ ਭਾਵਾਂ ਵਿਚਾਰਾਂ ਨੂੰ ਤਿੱਖਾ ਕਰਦੇ ਹਨ ਅਤੇ ਇਨ੍ਹਾਂ ਨੂੰ ਇਕ ਲੜੀ ਵਿਚ ਪਰੋਂਦੇ ਹਨ। ਛੰਦ ਕਵਿਤਾ ਵਿਚ ਰਸ ਤੇ ਸੰਗੀਤ ਦਾ ਮਾਹੌਲ ਪੈਦਾ ਕਰਦੇ ਹਨ। ਇਸ ਪ੍ਰਕਾਰ ਛੰਦ-ਮੁਕਤ ਕਵਿਤਾ ਵਿਚ ਕਾਵਿ ਭਾਸ਼ਾ ਦੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ। ਇਸ ਵਿਚ ਨਵੇਂ ਪਾਸਾਰ ਉਭਰਦੇ ਦਿਸਦੇ ਹਨ ਕਿਉਂਕਿ ਖੁਲ੍ਹੀ ਕਵਿਤਾ ਵਿਚ ਵਜ਼ਨ, ਤੋਲ, ਲੈਅ ਆਦਿ ਦਾ ਧਿਆਨ ਰੱਖਿਆ ਜਾਂਦਾ ਹੈ।

### ਭਾਰਤੀ ਕਾਵਿ ਸ਼ਾਸ਼ਤਰ

ਭਾਰਤੀ ਕਾਵਿ ਸ਼ਾਸ਼ਤਰ ਦੀ ਪੰਰਪਰਾ ਬਹੁਤ ਪੁਰਾਣੀ ਹੈ ਜੋ ਬਹੁਤ ਸਾਲਾਂ ਤੋਂ ਵਿਚਾਰ-ਵਿਸ਼ਲੇਸ਼ਣ ਦਾ ਵਿਸ਼ਾ ਬਣੀ ਚਲੀ ਆ ਰਹੀ ਹੈ। ਭਾਰਤੀ ਵਿਦਵਾਨਾਂ ਨੇ ਕਾਵਿ ਸੰਬੰਧੀ ਮੌਲਿਕ ਸਿਧਾਂਤਾਂ ਦਾ ਪ੍ਰਤੀਪਾਦਨ ਉਸ ਯੁੱਗ ਵਿਚ ਹੀ ਕਰ ਦਿੱਤਾ ਸੀ ਜਦੋਂ ਪੱਛਮੀ ਵਿਦਵਾਨਾਂ ਨੇ ਇਸ ਬਾਰੇ ਅਜੇ ਸੋਚਿਆ ਹੀ ਨਹੀਂ ਸੀ।ਕਾਵਿ ਸਿੱਧਾਂਤਾਂ ਸੰਬੰਧੀ ਭਾਰਤੀ ਕਾਵਿ ਸ਼ਾਸਤਰ ਦੀ ਇਕ ਪੁਰਾਣੀ, ਅਮੀਰ ਅਤੇ ਮਹੱਤਵਪੂਰਨ ਪੰਰਪਰਾ ਹੈ।“ਭਾਰਤੀ ਕਾਵਿ ਸ਼ਾਸ਼ਤਰ ਇਕ ਸੰਯੁਕਤ ਸ਼ਬਦ ਹੈ ਜਿਸ ਤੋਂ ਭਾਵ ਹੈ ‘ਕਾਵਿ ਦਾ ਸ਼ਾਸਤ੍ਰ’। ਸ਼ਾਸਤ੍ਰੀ ਦ੍ਰਿਸ਼ਟੀ ਤੋਂ ‘ਕਾਵਿ’ ਸ਼ਬਦ ਦਾ ਅਰਥ ਹੈ ਕਵੀ ਦਾ ਕਰਮ ਅਤੇ ‘ਸ਼ਾਸਤ੍ਰ’ ਸ਼ਬਦ ਦਾ ਅਰਥ ਹੈ ਨਿਯਾਮਕ ਜਾਂ ਨਿਯੰਤਾ ਭਾਵ ਨਿਯਮ ਬਣਾਉਣ ਵਾਲਾ ਜਾਂ ਨਿਰਧਾਰਿਤ ਕਰਨ ਵਾਲਾ। ਇਸ ਤਰ੍ਹਾਂ ‘ਕਾਵਿ ਸ਼ਾਸਤ੍ਰ’ ਤੋਂ ਭਾਵ ਹੈ ਕਾਵਿ ਉਤੇ ਨਿਯੰਤਰਨ ਰੱਖਣ ਲਈ ਨਿਯਮ ਨਿਰਧਾਰਿਤ ਕਰਨ ਵਾਲੀ ਜਾਂ ਸਿੱਧਾਂਤ ਨਿਰਧਾਰਿਤ ਕਰਨ ਵਾਲੀ ਵਿਧੀ।‘ਭਾਰਤੀ ਕਾਵਿ ਸ਼ਾਸ਼ਤ੍ਰ’ ਤੋਂ ਸਮੁਚੇ ਤੌਰ ਤੇ ਮਤਲਬ ਹੈ ਸੰਸਕ੍ਰਿਤ ਭਾਸ਼ਾ ਵਿਚ ਲਿਖੇ ਗਏ ਸਿੱਧਾਂਤ।”[3] ਭਰਤ ਮੁਨੀ ਦੇ ‘ਨਾਟ੍ਯ ਸ਼ਾਸਤ੍ਰ’ ਦੀ ਰਚਨਾ ਨਾਲ ਭਾਰਤੀ ਕਾਵਿ ਸ਼ਾਸ਼ਤਰ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾ ਕਿਸੇ ਵੀ ਆਚਾਰਯ ਦੀ ਕੋਈ ਵੀ ਰਚਨਾ ਜਾਂ ਗ੍ਰੰਥ ਉਪਲਬਧ ਨਹੀਂ ਹੁੰਦਾ ਹੈ। ਭਰਤ ਮੁਨੀ ਦੇ ਸਮੇਂ ਦਾ ਸਹੀ ਬੋਧ ਨਹੀਂ ਹੁੰਦਾ ਹੈ ਪਰ ਇਸ ਨੂੰ ਤੀਜੀ ਸਦੀ ਦੇ ਵਿਚਕਾਰ ਮੰਨਿਆ ਜਾਂਦਾ ਹੈ। ਭਰਤ ਮੁਨੀ ਨੇ ਨਾਟਕ ਦੇ ਤੱਤਾਂ ਦੇ ਪ੍ਰਸੰਗ ਵਿਚ ਰਸ ਦੇ ਮੱਹਤਵ ਦੀ ਸਥਾਪਨਾ ਕੀਤੀ। ਇਸ ਤੋਂ ਪਿਛੋਂ ਛੇਵੀਂ ਸਦੀ ਵਿਚ ਅਚਾਰਯ ਭਾਮਹ ਨੇ ‘ਕਾਵ੍ਯਾਲੰਕਾਰ’ ਗ੍ਰੰਥ ਦੀ ਰਚਨਾ ਕੀਤੀ ਅਤੇ ਕਾਵਿ ਵਿਚ ਅਲੰਕਾਰ ਦੀ ਮਹੱਤਤਾ ਬਾਰੇ ਦਰਸਾਇਆ। ਭਾਮਹ ਨੇ ਕਿਹਾ, “ਸਹਿਜ ਸੁਭਾ ਰੂਪ ਵਾਲੀ ਭਾਸ਼ਾ ਵਿਚ ਕੋਈ ਚਮਤਕਾਰ ਨਹੀਂ ਹੁੰਦਾ। ਭਾਸ਼ਾ ਦੀ ਸਜਾਵਟ ਵਕ੍ਰੋਕਤੀ ਅਰਥਾਤ ਵਿੰਗੇ ਟੇਢੇ ਢੰਗ ਨਾਲ ਕਥਨ ਕਰਨਾ ਅਵੱਸ਼ਕ ਹੈ।”[4] ਸੱਤਵੀ ਸਦੀ ਵਿਚ ਆਚਾਰਯ ਦੰਡੀ ਨੇ ‘ਕਾਵ੍ਯਾਦਰਸ’ ਦੀ ਰਚਨਾ ਕੀਤੀ ਜਿਸ ਰਾਹੀਂ ਅਲੰਕਾਰਾਂ, ਰੀਤੀਆਂ ਤੇ ਗੁਣਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ। ਅੱਠਵੀ ਸੱਦੀ ਵਿਚ ਆਚਾਰਯ ਉਦਭਟ ਨੇ ‘ਕਾਵ੍ਯਾਲੰਕਾਰ ਸਾਰ ਸੰਗ੍ਰਹ’ ਦੀ ਰਚਨਾ ਕਰਕੇ ਅਲੰਕਾਰ ਦੇ ਮਹੱਤਵ, ਤੱਤ ਤੇ ਸਰੂਪ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਇਸੇ ਸਦੀ ਵਿਚ ਆਚਾਰਯ ਵਾਮਨ ਨੇ ‘ਕਾਵ੍ਯਾਲੰਕਾਰ ਸੂਤ੍ਰ’ ਦੀ ਰਚਨਾ ਕੀਤੀ ਅਤੇ ਰੀਤੀ ਨੂੰ ਕਾਵਿ ਦੀ ਆਤਮਾ ਮੰਨਿਆ ਤੇ ਰੀਤੀ ਸੰਪ੍ਰਦਾਇ ਦੀ ਸਥਾਪਨਾ ਕੀਤੀ। ਨੌਵੀਂ ਸਦੀ ਦੇ ਸ਼ੁਰੁ ਵਿਚ ਆਚਾਰਯ

ਰੁਦ੍ਰਟ ਨੇ 'ਕਾਵ੍ਯਾਲੰਕਾਰ' ਦੀ ਰਚਨਾ ਕਰਕੇ ਕਾਵਿ ਦੇ ਸਾਰੇ ਪੱਖਾਂ ਉਪਰ ਚਾਨਣਾ ਪਾਇਆ। ਨੌਵੀਂ ਸਦੀ ਦੇ ਅੱਧ ਵਿਚ ਆਚਾਰਯ ਆਨੰਦ ਵਰਧਨ ਨੇ 'ਧਵਨ੍ਯਾਲੋਕ' ਦੀ ਰਚਨਾ ਧੁਨੀ ਸੰਪ੍ਰਦਾਇ ਦਾ ਪਰਿਵਰਤਨ ਕੀਤਾ। ਦੱਸਵੀਂ ਸਦੀ ਵਿਚ ਆਚਾਰਯ ਅਭਿਨਵ ਗੁਪਤ ਨੇ 'ਧਵਨ੍ਲੋਕ ਲੋਚਨ' ਅਤੇ 'ਅਭਿਨਵ ਭਾਰਤੀ' ਨਾਂ ਦੇ ਗ੍ਰੰਥਾਂ ਦੀ ਰਚਨਾ ਕੀਤੀ ਅਤੇ ਧੁਨੀ ਸਿਧਾਂਤ ਦੀ ਖੁੱਲ ਕੇ ਪ੍ਰਤਿਪਾਦਨ ਕੀਤਾ ਅਤੇ ਕਾਵਿ ਵਿਚ ਰਸ ਦੇ ਮਹੱਤਵ ਦੀ ਵੀ ਸਥਾਪਨਾ ਕੀਤੀ। ਇਸੇ ਸਦੀ ਵਿਚ ਇਕ ਹੋਰ ਆਚਾਰਯ ਰਾਜ ਸ਼ੇਖਰ ਨੇ 'ਕਾਵ੍ਯ ਮੀਸਾਂਸਾ' ਨਾਂ ਦੇ ਗ੍ਰੰਥ ਦੀ ਸਥਾਪਨਾ ਕੀਤੀ ਗਿਆਰਵੀਂ ਸਦੀ ਵਿਚ ਅਨੇਕਾਂ ਵਿਦਵਾਨਾਂ ਨੇ ਕਾਵਿ ਸ਼ਾਸਤ੍ਰ ਦੇ ਖੇਤਰ ਵਿਚ ਯੁੱਗਦਾਨ ਦਿੱਤਾ। ਆਚਾਰਯ ਕੁੰਤਕ ਨੇ 'ਵਕ੍ਰੋਕਤਿ ਜੀਵਿਤੰ' ਗ੍ਰੰਥ ਦੀ ਰਚਨਾ ਕਰਕੇ ਵਕ੍ਰੋਕਤੀ ਸਿਧਾਂਤ ਦੀ ਸਥਾਪਨਾ ਕੀਤੀ। ਆਚਾਰਯ ਧਨੰਜਯ ਨੇ 'ਦਸ ਪੂਰਕ' ਗ੍ਰੰਥ ਦੀ ਰਚਨਾ ਕੀਤੀ ਤੇ ਨਾਟ੍ਯ ਸੰਬੰਧੀ ਸਿਧਾਂਤਾਂ ਦਾ ਪ੍ਰਤੀਪਾਦਨ ਕੀਤਾ। ਆਚਾਰਯ ਮੰਮਟ ਨੇ 'ਕਾਵ੍ਯ ਪ੍ਰਕਾਸ਼' ਦੀ ਰਚਨਾ ਕਰਕੇ ਧੁਨੀ ਸਿਧਾਂਤ ਦੇ ਵਿਰੋਧੀਆਂ ਦੀਆਂ ਮਾਨਤਾਵਾਂ ਦਾ ਖੰਡਨ ਕੀਤਾ ਤੇ ਕਾਵਿ ਸ਼ਾਸਤ੍ਰ ਦੇ ਸਾਰੇ ਅੰਗਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ। ਆਚਾਰਯ ਕ੍ਸ਼ੇਮੇਦ੍ਰ ਨੇ 'ਔਚਿਤਯ ਵਿਚਾਰ ਚਰਚਾ' ਨਾਂ ਦੇ ਗ੍ਰੰਥ ਦੀ ਰਚਨਾ ਕੀਤੀ ਅਤੇ ਔਚਿਤਯ ਨੂੰ ਕਾਵਿ ਦੀ ਪ੍ਰਾਣ ਤੱਤ ਮੰਨਿਆ। ਬਾਰ੍ਹਵੀਂ ਸਦੀ ਵਿਚ ਆਚਾਰਯ ਰੂੱਯਕ ਨੇ 'ਅਲੰਕਾਰ ਸਰਵਸ' ਅਤੇ ਆਚਾਰਯ ਹੇਮ ਚੰਦ੍ਰ ਨੇ 'ਕਾਵ੍ਯਾਨੁਸ਼ਾਸਨ' ਨਾਂ ਦੇ ਗ੍ਰੰਥਾਂ ਦੀ ਰਚਨਾ ਕਰਕੇ ਕਾਵਿ ਸ਼ਾਸਤ੍ਰ ਦੇ ਪ੍ਰਤੀਪਾਦਨ ਵਿਚ ਆਪਣਾ ਹਿੱਸਾ ਪਾਇਆ। ਤੇਰ੍ਹਵੀਂ ਸਦੀ ਵਿਚ ਆਚਾਰਯ ਜਯਦੇਵ ਨੇ 'ਚੰਦ੍ਰਾਲੋਕ' ਦੀ ਸਥਾਪਨਾ ਕੀਤੀ। ਚੌਦਵੀਂ ਸਦੀ ਵਿਚ ਆਚਾਰਯ ਵਿਸ਼ਵਨਾਥ ਨੇ ਆਪਚੇ ਲੋਕਪ੍ਰਿਯ ਗ੍ਰੰਥ 'ਸਾਹਿਤ੍ਯ ਦਰਪਣ' ਦੀ ਰਚਨਾ ਕੀਤੀ ਅਤੇ ਸਾਹਿਤ ਸੰਬੰਧੀ ਸਾਰੇ ਸਿਧਾਂਤਾਂ ਨੂੰ ਬਹੁਤ ਸੁੰਦਰ ਢੰਗ ਨਾਲ ਪੇਸ਼ ਕੀਤਾ। ਇਸ ਤੋਂ ਪਿਛੋਂ ਸਤਾਰ੍ਹਵੀਂ ਸਦੀ ਵਿਚ ਪੰਡਿਤ ਰਾਜ ਜਗਨ ਨਾਥ ਨੇ 'ਰਸਗੰਗਾਧਰ' ਨਾਂ ਦੇ ਕਾਵਿ ਸ਼ਾਸਤ੍ਰੀ ਗ੍ਰੰਥ ਦੀ ਰਚਨਾ ਕੀਤੀ ਅਤੇ ਭਾਰਤੀ ਕਾਵਿ ਸ਼ਾਸਤਰ ਨੂੰ ਅੰਤਿਮ ਸਿਰੇ ਤੇ ਪਹੁੰਚਾ ਦਿਤਾ। ਪੰਡਿਤਰਾਜ ਨੂੰ ਹੀ ਭਾਰਤੀ ਕਾਵਿ ਸ਼ਾਸਤ੍ਰ ਦਾ ਅੰਤਿਮ ਅਧਿਕਾਰੀ ਮੰਨਿਆ ਜਾਂਦਾ ਹੈ। ਇਸ ਪ੍ਰਕਾਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਕਾਵਿ ਸ਼ਾਸਤ੍ਰ ਦੀ ਪਰੰਪਰਾ ਬਹੁਤ ਲੰਬੀ ਹੈ ਅਤੇ ਕਾਵਿ ਸਿਧਾਂਤਾਂ ਦਾ ਬੜੀ ਨੀਝ ਨਾਲ ਚਿਤਰਨ ਹੋਇਆ ਹੈ। ਇਸ ਤਰ੍ਹਾਂ ਭਾਰਤੀ ਕਾਵਿ ਸ਼ਾਸਤ੍ਰ ਵਿਚ ਛੇ ਸਿਧਾਂਤ ਪ੍ਰਚਲਿਤ ਹਨ ਜੋ ਇਸ ਪ੍ਰਕਾਰ ਹਨ- ਅਲੰਕਾਰ ਸਿਧਾਂਤ, ਰੀਤੀ ਸਿਧਾਂਤ, ਧੁਨੀ ਸਿਧਾਂਤ, ਵਕ੍ਰੋਕਤੀ ਸਿਧਾਂਤ, ਔਚਿਤਯ ਸਿਧਾਂਤ ਅਤੇ ਰਸ ਸਿਧਾਂਤ।

**ਪੱਛਮੀ ਸਿਧਾਂਤ**:- ਕਾਵਿ ਭਾਸ਼ਾ ਤੋਂ ਭਾਵ ਕਵੀ ਦੀ ਉਸ ਬੋਲੀ ਤੋਂ ਲਿਆ ਜਾਂਦਾ ਹੈ ਜਿਸ ਦੀ ਵਰਤੋਂ ਉਹ ਆਪਣੇ ਜਜਬਾਤਾਂ, ਭਾਵਨਾਵਾਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਕਰਦਾ ਹੈ। ਇਸ ਤਰ੍ਹਾਂ ਭਾਸ਼ਾ ਕਵੀ ਦਾ ਮਾਧਿਅਮ ਬਣਦੀ ਹੈ ਜਿਵੇਂ ਸੰਗੀਤਕਾਰ ਦਾ ਮਾਧਿਅਮ ਰੰਗ ਆਦਿ ਹੁੰਦਾ ਹੈ। ਕਾਵਿ ਭਾਸ਼ਾ ਆਮ ਭਾਸ਼ਾ ਤੋਂ ਵਿਲੱਖਣ ਹੁੰਦੀ ਹੈ। ਆਮ ਮਨੁੱਖ ਜੋ ਭਾਸ਼ਾ ਦਾ ਪ੍ਰਯੋਗ ਗੱਲ-ਬਾਤ ਕਰਨ ਅਤੇ ਸੂਚਨਾਵਾਂ ਦੇਣ ਲਈ ਹੀ ਕਰਦੇ ਹਨ, ਕਵੀ ਦੀ ਭਾਸ਼ਾ ਉਨ੍ਹਾਂ ਤੋਂ ਵੱਖਰੀ ਹੋਂਦ ਰੱਖਦੀ ਹੈ। ਪੱਛਮੀ ਕਾਵਿ ਸਿਧਾਂਤਾਂ ਅਨੁਸਾਰ ਪਲੈਟੋ, ਅਰਸਤੂ, ਲਾਨਜਾਇਨਸ , ਡਰਾਇਡਨ ਆਦਿ ਚਿੰਤਕਾਂ ਨੇ ਕਾਵਿ ਵਿੱਚ ਭਾਵਨਾਵਾਂ, ਜਜਬਾਤਾਂ, ਕਲਪਨਾਂ, ਸੁਹਜਾਤਮਕਤਾ, ਆਦਿ ਬਾਰੇ ਵਿਚਾਰ ਪ੍ਰਗਟਾਏ ਪਰ ਕਾਵਿ ਭਾਸ਼ਾ ਬਾਰੇ ਵਿਚਾਰ ਚਰਚਾ ਨਹੀਂ ਮਿਲਦੀ ਹੈ। ਇਨ੍ਹਾਂ ਚਿੰਤਕਾਂ ਨੇ ਕਾਵਿ ਸ਼ਿਲਪ ਬਾਰੇ ਚਰਚਾ ਕੀਤੀ। ਪਹਿਲੀ ਵਾਰ ਆਈ.ਏ.ਰਿਡਰਡਸ ਨੇ

ਕਾਵਿ ਭਾਸ਼ਾ ਸੰਬੰਧੀ ਵਿਚਾਰ ਪੇਸ਼ ਕੀਤੇ। ਉਸ ਨੇ ਭਾਸ਼ਾ ਨੂੰ ਅਜਿਹੇ ਪ੍ਰਤੀਕਾਂ ਦਾ ਸਮੂਹ ਦੱਸਿਆ ਜੋ ਪਾਠਕਾਂ ਦੇ ਮਨ ਨੂੰ ਕਵੀ ਦੇ ਮਨ ਵਾਲੀ ਅਵਸਥਾ ਪ੍ਰਦਾਨ ਕਰੇ। ਭਾਸ਼ਾ ਦੇ ਪ੍ਰਤੀਕ ਦੇ ਨਾਲ-ਨਾਲ ਉਸਨੇ ਲੈਅ ਸੰਬੰਧੀ ਕਿਹਾ ਕਿ ਲੈਅ ਕੇਵਲ ਧੁਨੀਆਂ ਹੀ ਨਹੀਂ ਸਗੋਂ ਉਸ ਵਿੱਚ ਗੰਭੀਰ ਭਾਵਨਾਵਾਂ ਅਤੇ ਅਰਥ ਛੁਪੇ ਹੋਏ ਹੁੰਦੇ ਹਨ। ਟੀ.ਐਸ.ਇਲੀਅਟ ਨੇ ਕਾਵਿ ਭਾਸ਼ਾ ਨੂੰ ਭਾਵ ਪ੍ਰਧਾਨ ਮੰਨਿਆ ਅਤੇ ਪੰਰਪਰਾਂਗਤ ਭਾਸ਼ਾ ਨੂੰ ਤਿਆਗ ਕੇ ਨਵੀਂ ਭਾਸ਼ਾ ਨੂੰ ਅਪਣਾਉਣ ਲਈ ਕਿਹਾ। ਇਲੀਅਟ ਦੇ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਪਰੰਪਰਾਗਤ ਭਾਸ਼ਾ ਨੂੰ ਪੂਰੀ ਤਰ੍ਹਾਂ ਤਿਆਗ ਤਾਂ ਨਹੀਂ ਸਕਦੇ ਪਰ ਉਸ ਵਿਚ ਪ੍ਰਤੀਕ, ਬਿੰਬਾ ਆਦਿ ਰਾਹੀਂ ਤਬਦੀਲੀ ਕੀਤੀ ਜਾ ਸਕਦੀ ਹੈ। ਭਾਸ਼ਾ ਵਿਚ ਵਕ੍ਰਤਾ, ਵਿਅੰਗ, ਚਮਤਕਾਰ ਆਦਿ ਦੀ ਵਰਤੋਂ ਕਾਵਿ ਭਾਸ਼ਾ ਦੀ ਹੋਂਦ ਦਰਸਾਉਂਦੀ ਹੈ । ਇਸੇ ਤਰ੍ਹਾਂ ਜੇਮਜ ਰੀਵਜ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਅੰਲਕਾਰ ਅਤੇ ਲੈਅ ਕਾਵਿ ਭਾਸ਼ਾ ਲਈ ਜਰੂਰੀ ਤੱਤ ਹੈ ਪਰ ਜੇ ਕਾਵਿ ਦੀ ਭਾਸ਼ਾ ਹੀ ਸਮਰੱਥ ਨਹੀਂ ਤਾਂ ਇਨ੍ਹਾਂ ਤੱਤਾ ਦੀ ਕੋਈ ਮੱਹਤਤਾ ਨਹੀਂ ਰਹਿ ਜਾਂਦੀ । ਭਾਸ਼ਾ ਦੀ ਤਾਜਗੀ ਅਤੇ ਮੋਲਿਕਤਾ ਹੀ ਕਵੀ ਦੀ ਸਫ਼ਲਤਾ ਦਾ ਕਾਰਨ ਹੁਦੀ ਹੈ। ਭਾਵੇਂ ਕਈ ਕਵੀ ਭਾਸ਼ਾਈ ਤੱਤਾਂ ਦੀ ਵਰਤੋਂ ਵਾਰ-ਵਾਰ ਕਰਦਾ ਹੈ ਪਰ ਉਹ ਇਨ੍ਹਾਂ ਨੂੰ ਨਵੇਂ ਮੈਟਾਫਰ, ਬਿੰਬਾ, ਪ੍ਰਤੀਕਾਂ ਦੀ ਵਰਤੋਂ ਕਰਕੇ ਕਾਵਿ ਭਾਸ਼ਾ ਵਿਚ ਮੋਲਿਕਤਾ ਨੂੰ ਦਰਸਾਓਂਦਾ ਹੈ। ਭਾਵੇਂ ਕਾਵਿ ਮਨੁੱਖੀ ਜ਼ਜਬਿਆਂ ਦਾ ਵਰਨਣ ਕਰ ਸਕਦਾ ਹੈ, ਸੁਹਜ ਅਤੇ ਮਨੋਰੰਜਨ ਕਰਦਾ ਹੈ ਪਰ ਕਾਵਿ ਦੀ ਭਾਸਾ ਤਾਜਾ ਅਤੇ ਵਿਲੱਖਣ ਨਾ ਹੋਵੇ ਤਾਂ ਸੁਹਜ ਤੇ ਮਨੋਰੰਜਨ ਧੁੰਦਲਾ ਹੀ ਰਹਿ ਜਾਂਦਾ ਹੈ।

ਕਵਿਤਾ ਦਾ ਸੁਹਜ ਅਤੇ ਸੁੰਦਰਤਾ ਭਾਸ਼ਾ ਉਤੇ ਹੀ ਨਿਰਭਰ ਕਰਦੀ ਹੈ। ਭਾਸ਼ਾ ਕਵੀ ਦੀ ਸਮਗੱਰੀ ਹੁੰਦੀ ਹੈ। ਭਾਸ਼ਾ ਤੋਂ ਬਿਨਾਂ ਕਾਵਿ ਦੀ ਸਿਰਜਣਾ ਨਹੀਂ ਹੋ ਸਕਦੀ ਹੈ। ਕਈ ਵਿਦਵਾਨਾ ਨੇ ਕਾਵਿਕ ਸ਼ਬਦਾਵਲੀ ਨੂੰ ਮਹੱਤਤਾ ਦਿੱਤੀ ਹੈ। ਜੋ ਆਮ ਭਾਸ਼ਾਈ ਸ਼ਬਦਾਂ ਦੀ ਕਾਵਿਕ ਅਨੁਸਾਰ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਸ਼ਬਦਾਵਲੀ ਕਾਵਿ ਭਾਸ਼ਾ ਦਾ ਅਹਿਮ ਅੰਗ ਹੈ ਪਰ ਕਾਵਿ ਭਾਸ਼ਾ ਤੋਂ ਬਿਨਾਂ ਹੋਰ ਵੀ ਕਈ ਤੱਤ ਹਨ ਜੋ ਕਾਵਿ ਭਾਸ਼ਾ ਦੀ ਬਣਤਰ ਬਣਾਉਂਦੇ ਹਨ। ਪਰਾਗ ਸਕੂਲ ਦੇ ਪ੍ਰਸਿੱਧ ਚਿੰਤਕ ਮੁਨਾਰੋਵਸਕੀ ਨੇ ਕਾਵਿ ਭਾਸ਼ਾ ਅਤੇ ਮਿਆਰੀ ਭਾਸ਼ਾ ਵਿੱਚ ਨਿਖੇੜਾ ਕੀਤਾ ਹੈ। ਮਿਆਰੀ ਭਾਸ਼ਾ ਵਿੱਚ ਸਾਰੇ ਤੱਤਾਂ ਜਿਵੇ-ਧੁਨੀ, ਸ਼ਬਦ, ਵਾਕ ਆਦਿ ਦੀ ਚੋਣ ਅਤੇ ਤਰਤੀਬ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਪਾਠਕ ਤੱਕ ਸੰਦੇਸ਼ ਸਹੀ ਢੰਗ ਨਾਲ ਪਹੁੰਚ ਸਕੇ ਪਰ ਕਾਵਿ ਭਾਸ਼ਾ ਵਿੱਚ ਇਨ੍ਹਾਂ ਭਾਸ਼ਾਈ ਤੱਤਾਂ ਦੀ ਵਰਤੋਂ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਪਾਠਕ ਨੂੰ ਸੁਹਜ ਅਤੇ ਕਲਾ ਰਸ ਵੀ ਮਿਲੇ। ਕਾਵਿ ਭਾਸ਼ਾ ਵਿੱਚ ਇਹ ਤੱਤ ਆਪਣੇ ਮੁੱਢਲੇ ਨਿਯਮਾਂ ਤੋਂ ਟੁੱਟ ਜਾਂਦੇ ਹਨ। ਮਿਆਰੀ ਭਾਸ਼ਾ ਪਾਠਕਾਂ ਨੂੰ ਨਿਸ਼ਚਿਤ ਅਰਥਾਂ ਸੰਬੰਧਿਤ ਸੰਦੇਸ਼ ਦੇਣਾ ਹੁੰਦਾ ਹੈ ਪਰ ਕਾਵਿ ਭਾਸ਼ਾ ਨੇ ਸੁਹਜਮਈ, ਬਹੁਅਰਥਕਤਾ ਵਾਲਾ ਸੰਚਾਰ ਕਰਨਾ ਹੁੰਦਾ ਹੈ।

**ਕਵਿਤਾ ਦਾ ਸਿਧਾਂਤਕ ਪੱਖ**

ਸੁਹਜ-ਸੁੰਦਰਤਾ ਨੂੰ ਮਾਣਨਾ ਮਨੁੱਖ ਦਾ ਸੁਭਾਅ ਹੈ। ਮਨੁੱਖੀ ਸਮਾਜ ਵਿਚ ਸੁਹਜ ਬਿਰਤੀ ਹੀ ਮਨੁੱਖ ਨੂੰ ਮਨੁੱਖੀ ਗੁਣਾਂ ਨਾਲ ਭਰਪੂਰ ਕਰਦੀ ਹੈ। ਇਸ ਕਾਰਨ ਹੀ ਮਨੁੱਖ ਅੰਦਰ ਖ਼ੂਬਸੂਰਤ ਵਸਤਾਂ ਨੂੰ ਦੇਖਣ, ਪ੍ਰਖਣ ਅਤੇ ਮਾਣਨ ਦੀ ਵਧੇਰੇ ਇੱਛਾ ਰਹਿੰਦੀ ਹੈ।ਇਸ ਇੱਛਾ ਦੇ ਫਲਸਰੂਪ ਕੋਮਲ ਕਲਾਵਾਂ ਦਾ ਜਨਮ ਹੋਇਆ ਜਿੰਨਾਂ ਨੂੰ ਲਲਿਤ ਕਲਾਵਾਂ ਕਿਹਾ ਜਾਂਦਾ ਹੈ। ਸੁੰਦਰ ਸਾਹਿਤ ਕਿਰਤ ਨੂੰ ਰਚਨਾ ਕਲਾ ਕਿਹਾ ਜਾਂਦਾ ਹੈ। ਕਲਾ ਦੋ ਪ੍ਰਕਾਰ ਦੀ ਹੁੰਦੀ ਹੈ: ਉਪਯੋਗੀ ਅਤੇ ਲਲਿਤ। ਲੁਹਾਰ, ਤਰਖਾਣ ਅਤੇ ਸੁਨਿਆਰੇ ਆਦਿ ਦੀ ਕਲਾ ਉਪਯੋਗੀ ਅਤੇ ਚਿਤਰਕਾਰੀ, ਰਾਗ, ਸੰਗੀਤ, ਮੂਰਤੀਕਲਾ ਅਤੇ ਸਾਹਿਤ ਲਲਿਤ ਕਲਾ ਦੇ ਘੇਰੇ ਵਿਚ ਆਉਂਦੇ ਹਨ। ਇਨਾਂ ਸਾਰੀਆਂ ਕਲਾਵਾਂ ਦੇ ਵੱਖ-ਵੱਖ ਢੰਗ ਹਨ। ਉਹ ਵਸਤੂਆਂ ਵਖੱਰੀਆਂ ਹਨ ਜਿਨ੍ਹਾਂ ਰਾਹੀਂ ਇਹਨਾਂ ਕਲਾਵਾਂ ਦੀ ਸਿਰਜਣਾ ਹੁੰਦੀ ਹੈ। ਇਨਾਂ ਨੂੰ ਮਾਧਿਅਮ ਕਹਿ ਸਕਦੇ ਹਾਂ। ਸੰਗੀਤ ਕਲਾ ਦਾ ਮਾਧਿਅਮ ਸੁਰ ਤੇ ਤਾਲ ਹੈ, ਨ੍ਰਿਤ ਕਲਾ ਦਾ ਮਾਧਿਅਮ ਗਤੀ ਤੇ ਚਾਲ ਹੈ, ਚਿਤਰ ਕਲਾ ਦਾ ਮਾਧਿਅਮ ਰੰਗ ਤੇ ਰੇਖਾ ਹੈ, ਮੂਰਤੀ ਕਲਾ ਦਾ ਮਾਧਿਅਮ ਪਥੱਰ ’ਤੇ ਧਾਤਾਂ ਹਨ ਅਤੇ ਸੰਗੀਤ ਕਲਾ ਦਾ ਮਾਧਿਅਮ ਸ਼ਬਦ ਅਤੇ ਧੁਨੀਆਂ ਹਨ। ਸ਼ਬਦ ਧੁਨੀਆਂ ਸੁਖਮ ਤੋਂ ਸੁਖਮ ਅਤੇ ਕੋਮਲ ਤੋਂ ਕੋਮਲ ਹਨ। ਇਸ ਲਈ ਸੂਖ਼ਮ ਹੋਣ ਕਰਕੇ ਸਾਹਿਤ ਵੀ ਕੋਮਲ ਕਲਾ ਹੈ। ਪ੍ਰਾਚੀਨ ਗ੍ਰੰਥਾਂ ਵਿਚ ‘ਕਾਵਿ’ ਅਤੇ ‘ਸਾਹਿਤ’ ਨੂੰ ਸਮਾਨਾਰਥੀ ਰੂਪ ਵਿਚ ਵਰਤਿਆ ਗਿਆ ਹੈ। ਪੁਰਾਤਨ ਗ੍ਰੰਥਾਂ ਵਿਚ ‘ਕਾਵਿ’ ਸੰਬੰਧੀ ਵਧੇਰੇ ਚਰਚਾ ਹੋਈ ਮਿਲਦੀ ਹੈ। ‘ਸਾਹਿਤ’ ਸ਼ਬਦ ਦਾ ਪ੍ਰਯੋਗ ਮੱਧਕਾਲ ਵਿਚ ਪ੍ਰਚਲਿਤ ਹੋਇਆ ਮੰਨਿਆ ਜਾਂਦਾ ਹੈ। ਸਾਹਿਤ ਇਕ ਅਜਿਹੀ ਸ਼ਾਬਦਿਕ ਕਲਾ ਹੈ ਜਿਸ ਵਿਚ ਉੱਤਮ ਵਿਚਾਰਾਂ ਦੀ ਉਚਿਤ ਢੰਗ ਨਾਲ ਪੇਸ਼ਕਾਰੀ ਹੋਈ ਹੋਵੇ। ਸਾਹਿਤ ਦਾ ਮੁੱਖ ਉਦੇਸ਼ ਸੁਹਜ ਪੈਦਾ ਕਰਨਾ ਅਤੇ ਚੰਗੇ ਜੀਵਨ ਲਈ ਪ੍ਰੇਰਨਾ ਦੇਣਾ ਹੈ। ਸਾਹਿਤ ਜੀਵਨ ਵਿਚੋਂ ਪੈਦਾ ਹੁੰਦਾ ਹੈ ਅਤੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤ ਸਮਾਜ ਦੀ ਉਪਜ ਹੁੰਦਾ ਹੈ ਕਿਉਂਕਿ ਲੇਖਕ ਸਮਾਜ ਦਾ ਅੰਗ ਹੁੰਦਾ ਹੈ ਅਤੇ ਉਸਦੀ ਵਿਚਾਰਧਾਰਾ ਸਮਾਜ ਦੇ ਹਾਲਾਤ ਅਤੇ ਉਸਦੇ ਅਨੁਭਵ ਦਾ ਸੁਮੇਲ ਹੁੰਦੀ ਹੈ। ਇਸੇ ਲਈ ਵਿਦਵਾਨ ਸਾਹਿਤ ਨੂੰ ਸਮਾਜ ਦਾ ਦਰਪਣ ਮੰਨਦੇ ਹਨ ਪਰੰਤੂ ਸਾਹਿਤ ਸਮਾਜ ਦਾ ਦਰਪਣ ਹੁੰਦਿਆਂ ਹੋਇਆਂ ਸਮਾਜ ਨੂੰ ਬਦਲਣ ਜਾਂ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ ਕਿਉਂਕਿ ਸਾਹਿਤ ਦਾ ਸਬੰਧ ਸਿੱਧਾ ਮਨੁੱਖੀ ਮਾਨਸਿਕਤਾ ਨਾਲ ਹੁੰਦਾ ਹੈ। ਕਿਸੇ ਵਿਅਕਤੀ ਵਿਚ ਪਰਿਵਰਤਨ ਲਿਆਉਣ ਲਈ ਉਸ ਦੇ ਮਨ ਜਾਂ ਵਿਚਾਰਾਂ ਨੂੰ ਬਦਲਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਕਿਸੇ ਵਿਅਕਤੀ ਦੇ ਵਿਚਾਰਾਂ ਦਾ ਸਮੂਹ ਹੀ ਉਸ ਦਾ ਜੀਵਨ ਫਲਸਫ਼ਾ ਅਖਵਾਉਂਦਾ ਹੈ। ਮਨੁੱਖ ਦਾ ਸਾਹਿਤ ਨਾਲ ਰਿਸ਼ਤਾ ਮੁੱਢ ਕਦੀਮ ਤੋਂ ਹੀ ਚਲਦਾ ਆ ਰਿਹਾ ਹੈ। ਮਨੁੱਖ ਨੇ ਆਪਣੀਆਂ ਭਾਵਨਾਵਾਂ ਨੂੰ ਤ੍ਰਿਪਤ ਕਰਨ ਦੇ ਲਈ ਲਲਿਤ ਕਲਾਵਾਂ/ ਸਾਹਿਤ ਦਾ ਸਹਾਰਾ ਲਿਆ ਹੈ। “ਸਾਹਿਤ ਦੀ ਰਚਨਾ ਇਕ ਫੁਲਵਾੜੀ ਜਾਂ ਨਿਸ਼ਾਂਤ ਬਾਗ਼ ਵਾਂਗ, ਸ਼ਾਹੀ ਮਹੱਲ ਜਾਂ ਪਹਾੜੀ ਕਿਲੇ ਵਾਂਗ, ਕਾਰਖਾਨੇ ਜਾਂ ਮਾਡਲ ਟਾਊਨ ਵਾਂਗ, ਫ਼ਵਾਰੇ, ਝਰਨੇ ਜਾਂ ਝੀਲ ਵਾਂਗ ਹੋ ਸਕਦੀ ਹੈ।”[5] ਇਸ ਲਈ ਸਾਹਿਤ ਦੀ ਸੁੰਦਰਤਾ ਦੋ ਪ੍ਰਕਾਰ ਦੀ ਹੁੰਦੀ ਹੈ। ਜਿਸ ਤਰ੍ਹਾਂ ਸੁੰਦਰਤਾ ਫੁੱਲ ਵਿਚ ਤੇ ਫੁਲਵਾੜੀ ਵਿਚ ਹੁੰਦੀ ਹੈ, ਪਾਣੀ ਤੇ ਝੀਲ ਵਿਚ, ਕਮਰੇ ਤੇ ਮਹਿਲ ਵਿਚ, ਇਸੇ ਤਰ੍ਹਾਂ ਸਾਹਿਤ ਦੀ ਸੁੰਦਰਤਾ ਰੂਪ ਜਾਂ ਪ੍ਰਗਟਾ ਵਿਚ ਹੁੰਦੀ ਹੈ ਅਤੇ ਨਾਲ ਹੀ ਭਾਵਾਂ ਵਿਚ ਵੀ, ਨਾ ਕੇਵਲ ਰਚਨਾ ਜਾਂ ਬਣਤਰ ਦੀ ਹੁੰਦੀ ਹੈ, ਸਗੋਂ ਭਾਵ ਜਾਂ ਵਿਚਾਰਾਂ ਦੀ ਵੀ। ਸਾਹਿਤ ਨੂੰ ਅਸੀਂ ਆਮ ਤੌਰ ’ਤੇ ਦੋ ਕਿਸਮਾਂ ਵਿਚ ਰੱਖ ਕੇ ਦੇਖ ਸਕਦੇ ਹਾਂ :-

1. ਜ਼ੁਬਾਨੀ ਸਾਹਿਤ ਜਾਂ ਲੋਕ ਸਾਹਿਤ

2. ਲਿਖਤੀ ਸਾਹਿਤ

'ਸਾਹਿਤ' ਸ਼ਬਦ ਅੰਗਰੇਜ਼ੀ ਸ਼ਬਦ 'Literature' ਦਾ ਸਮਾਨਾਰਥੀ ਹੈ। ਸਾਹਿਤ ਦੀ ਮਹਾਨਤਾ ਨੂੰ ਜੇਕਰ ਵੇਖਣਾ ਹੋਵੇ ਤਾਂ ਵਿਸ਼ਵ ਦੇ ਮਹਾਨ ਲੇਖਕਾਂ ਦੇ ਵਿਚਾਰਾਂ ਵਿਚੋਂ ਵੇਖਿਆ ਜਾ ਸਕਦਾ ਹੈ। ਮਿਸਾਲ ਵਜੋਂ :

1. ਮੈਥਿਊ ਆਰਨਲਡ ਅਨੁਸਾਰ "ਸਾਹਿਤ ਸੰਸਾਰ ਦੇ ਗਿਆਨ ਅਤੇ ਵਿਚਾਰਾਂ ਦਾ ਉੱਤਮ ਨਮੂਨਾ ਹੈ।"[6]
2. ਪਲੈਟੋ ਸਾਹਿੱਤ ਨੂੰ ਅਨੁਕਰਣ ਦਾ ਅਨੁਕਰਣ ਮੰਨਦਾ ਹੈ।[7]

ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਜਾਂਦਾ ਹੈ। ਸਾਹਿਤਕਾਰ ਆਪਣੇ ਆਲੇ ਦੁਆਲੇ ਜੋ ਕੁਝ ਵੇਖਦਾ ਹੈ ਉਸ ਨੂੰ ਆਪਣੀ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ। ਸਾਹਿਤਕਾਰ ਦੁਆਰਾ ਪੇਸ਼ ਇਸ ਕਲਾਤਮਕ ਕਿਰਤ ਦੁਆਰਾ ਸਮਾਜ ਨੂੰ ਸੇਧ ਤੇ ਜਾਣਕਾਰੀ ਮਿਲਦੀ ਹੈ। ਸਾਹਿਤ ਦਾ ਉਦੇਸ਼ ਕੇਵਲ ਮਨੋਰੰਜਨ ਕਰਨਾ ਹੀ ਨਹੀਂ ਬਲਕਿ ਸਰੋਤੇ ਨੂੰ ਕੋਈ ਸੇਧ ਦੇਣਾ ਹੈ, ਜਿਸ ਦੁਆਰਾ ਉਹ ਆਪਣੇ ਆਲੇ ਦੁਆਲੇ ਤੋਂ ਸੁਚੇਤ ਹੋਣ ਤੋਂ ਇਲਾਵਾ ਉਸ ਨੂੰ ਅਜਿਹੇ ਕੰਮ ਲਈ ਪ੍ਰੇਰਿਤ ਕਰਨਾ ਹੈ ਕਿ ਉਹ ਕਈ ਸਮਾਜਿਕ ਕੁਰੀਤੀਆਂ ਦਾ ਖਾਤਮਾ ਕਰਨ ਲਈ ਕੋਈ ਯਤਨ ਕਰ ਸਕੇ।

ਵਿਦਵਾਨਾਂ ਦੀ ਸਾਂਝੀ ਰਾਇ ਮੁਤਾਬਕ ਸਾਹਿਤ ਨੂੰ ਦੋ ਰੂਪਾਂ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ:-

1. ਪਦ ਜਾਂ ਕਵਿਤਾ (Poetry)

2. ਗਦ ਜਾਂ ਵਾਰਤਕ (Prose)

ਸਾਹਿਤ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਕਵਿਤਾ ਹੋਂਦ ਵਿਚ ਆਈ। ਅੱਜ ਤੱਕ ਇਹ ਇਕ ਸਰਵ-ਪ੍ਰਮਾਣਿਤ ਮੱਤ ਹੈ ਕਿ ਧੁਨੀਆਂ ਦੀ ਹਰ ਭਾਸ਼ਾ ਵਿਚ ਪਹਿਲਾਂ ਕਵਿਤਾ ਦਾ ਜਨਮ ਹੋਇਆ ਅਤੇ ਢੇਰ ਚਿਰ ਬਾਅਦ ਜਾ ਕੇ ਕਿਤੇ ਵਾਰਤਕ ਉਪਜੀ। ਇਸ ਪਹਿਲ-ਕਦਮੀ ਦਾ ਕਾਰਨ ਬੜਾ ਸਪੱਸ਼ਟ ਹੈ ਅਤੇ ਉਹ ਇਹ ਕਿ ਕਵਿਤਾ 'ਦਿਲ ਦੀ ਬੋਲੀ' ਹੈ ਅਤੇ ਵਾਰਤਕ 'ਦਿਮਾਗ ਦੀ ਭਾਸ਼ਾ' ਹੈ।

'ਕਵਿਤਾ' ਸਾਹਿਤ ਰੂਪ ਨੂੰ ਧੁਨੀਆਂ ਦੀਆਂ ਲਗਪਗ ਸਾਰੀਆਂ ਭਾਸ਼ਾਵਾਂ ਵਿਚ ਬਾਕੀ ਸਾਹਿਤ ਰੂਪਾਂ ਨਾਲੋਂ ਪਹਿਲਾਂ ਜਨਮੀ ਮੰਨਿਆਂ ਜਾਂਦਾ ਹੈ। ਇਸ ਲਈ ਇਸ ਨੂੰ ਸਾਹਿਤ ਰੂਪਾਂ ਵਿਚੋਂ ਜੇਠੀ ਵੀ ਕਿਹਾ ਜਾਂਦਾ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਆਦਿ ਮਾਨਵ ਵੱਲੋਂ ਖੁਸ਼ੀ ਵਿਚ ਮਾਰੀ ਗਈ ਕਿਲਕਾਰੀ ਜਾਂ ਦੁਖ ਵਿਚ ਉਸ ਦੇ ਅੰਦਰੋਂ ਨਿਕਲਣ ਵਾਲੀ ਵੇਦਨਾ ਭਰੀ ਚੀਕ ਇਸ ਧੁਨੀਆਂ ਦੀ ਸਭ ਤੋਂ ਪਹਿਲੀ ਕਵਿਤਾ ਹੋਵੇਗੀ।ਇਸ ਗੱਲ ਨੂੰ ਭਾਵੇਂ ਸੱਚ ਨਾ ਵੀ ਮੰਨੀਏ ਪਰ ਇਕ ਗੱਲ ਤਾਂ ਸਪਸ਼ਟ ਹੁੰਦੀ ਹੈ ਕਿ ਕਵਿਤਾ ਦੀ ਸਿਰਜਣਾ ਵਧੇਰੇ ਖੁਸ਼ੀ ਜਾਂ ਵਧੇਰੇ ਖੁਸ਼ੀ ਦੇ ਪਲਾਂ ਵਿਚ ਹੁੰਦੀ ਹੈ। ਕਵਿਤਾ ਇਕ ਸ਼ਬਦ

ਕਲਾ ਹੈ ਜੋ ਸਾਹਿਤ ਦਾ ਇਕ ਅੰਗ ਹੈ। ਕਵਿਤਾ ਨੂੰ ਸੁੰਦਰਤਾ ਦਾ ਪ੍ਰਕਾਸ਼ ਮੰਨਿਆ ਜਾਂਦਾ ਹੈ। ਕਵੀ ਸੋਹਣੇ ਬਿੰਬ ਅਤੇ ਸ਼ਬਦ ਚਿਤਰ ਕੇ ਆਪਣੀ ਕਵਿਤਾ ਰਾਹੀਂ ਪ੍ਰਗਟਾਉਂਦਾ ਹੈ ਅਤੇ ਮਨੁੱਖੀ ਮਨ ਨੂੰ ਰਿਝਾਉਂਦਾ ਹੈ।

ਕਵਿਤਾ ਦਾ ਜਨਮ ਹਰ ਸਾਹਿਤ ਵਿਚ ਵਾਰਤਕ ਤੋਂ ਪਹਿਲਾ ਹੁੰਦਾ ਹੈ। ਕਵਿਤਾ-ਮਈ ਜਜਬੇ ਹਰ ਮਨੁੱਖ ਅੰਦਰ ਹੁੰਦੇ ਹਨ, ਪਰ ਉਨ੍ਹਾਂ ਨੂੰ ਪ੍ਰਗਟਾਉਣ ਦੀ ਸ਼ਕਤੀ ਕੁਦਰਤ ਨੇ ਹਰੇਕ ਮਨੁੱਖ ਨੂੰ ਨਹੀਂ ਦਿੱਤੀ। ਕਵਿਤਾ ਕਵੀ ਦੇ ਹਿਰਦੇ ਵਿਚੋਂ ਆਪ-ਮੁਹਾਰੇ ਫੁੱਟਦੀ ਹੈ ਅਤੇ ਆਪ ਮੁਹਾਰੇ ਇਕ ਵਹਾਅ ਅੰਦਰ ਤੁਰੀ ਜਾਂਦੀ ਹੈ। ਕਵਿਤਾ ਕੇਵਲ ਜੀਵਨ ਦੀ ਅਲੋਚਨਾ ਨਹੀਂ ਹੁੰਦੀ, ਸਗੋਂ ਇਹ ਜੀਵਨ ਦਾ ਸੱਚ ਹੁੰਦੀ ਹੈ।

**ਕਵਿਤਾ ਦੀ ਪਰਿਭਾਸ਼ਾ**

ਕਵਿਤਾ ਨੂੰ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਆਪਣੇ-ਆਪਣੇ ਢੰਗ ਅਨੁਸਾਰ ਪਰਿਭਾਸ਼ਾਵਾਂ ਦਿੱਤੀਆਂ ਹਨ ਜੋ ਹੇਠ ਲਿਖੇ ਅਨੁਸਾਰ ਹਨ।

**ਭਾਰਤੀ ਵਿਦਵਾਨਾਂ ਦੀਆਂ ਧਾਰਨਾਵਾਂ-**

**ਆਚਾਰੀਆ ਭਾਮਹ ਅਨੁਸਾਰ,** "ਸ਼ਬਦ ਅਤੇ ਅਰਥ ਦੇ ਸਹਿਭਾਵ ਨੂੰ ਕਾਵਿ ਕਿਹਾ ਜਾਂਦਾ ਹੈ।"[8]

**ਵਾਮਨ**, " ਕਾਵਿ, ਅੰਲਕਾਰ ਕਰਕੇ ਗ੍ਰਹਿਣ ਯੋਗ ਹੁੰਦਾ ਹੈ ਕਿਉਂਕਿ ਅਲੰਕਾਰ ਹੀ ਸੌਂਦਰਯ ਹੈ।"[9]

**ਆਨਦ ਵਰਧਨ ,** " ਕਾਵਿ ਕੀ ਹੈ,ਸ਼ਬਦ ਤੇ ਅਰਥ ਕਾਵਿ ਦਾ ਸਰੀਰ ਹੈ ਅਤੇ ਧੁਨੀ, ਕਾਵਿ ਦੀ

ਆਤਮਾ ਹੈ।"[10]

**ਸ਼ੈਲੇ ਅਨੁਸਾਰ**, "ਕਵਿਤਾ ਸੰਸਾਰ ਦੀ ਛੁਪੀ ਸੁੰਦਰਤਾ ਤੋਂ ਪਰਦਾ ਉਠਾਉਂਦੀ ਹੈ ਅਤੇ ਜਾਣੀਆਂ-ਪਛਾਣੀਆਂ ਚੀਜਾਂ ਨੂੰ ਅਜਿਹੀ ਸ਼ਕਲ ਦਿੰਦੀ ਹੈ, ਜਿਵੇਂ ਉਹ ਜਾਣੀਆਂ-ਪਛਾਣੀਆਂ ਨਾ ਹੋਣ।"[11]

**ਆਚਾਰੀਆ ਵਿਸ਼ਵਾਨਾਥ ,** " ਰਸਪੂਰਣ ਵਾਕ ਹੀ ਕਾਵਿ ਹੈ।"[12]

**ਸ਼ਵਿਨਬਰਨ** , " ਕਵਿਤਾ ਮਨੁੱਖ ਦੀ ਆਤਮਾ ਦੀ ਆਵਾਜ ਹੁੰਦੀ ਹੈ।"[13]

**ਪ੍ਰੋ.ਪੂਰਨ ਸਿੰਘ**, "ਪਿਆਰ ਵਿਚ ਮੋਏ ਬੰਦਿਆਂ ਦੇ ਬਚਨ ਕਵਿਤਾ ਹਨ।"[14]

**ਪੱਛਮੀ ਵਿਦਵਾਨਾਂ ਦੀਆਂ ਧਾਰਨਾਵਾਂ-**

- **ਵਾਟਸ ਡੰਟਨ**, "ਮਨੁੱਖੀ ਮਨ ਦਾ ਜ਼ਜਬਾਤੀ ਤੇ ਸਰੋਦੀਂ ਬੋਲੀ ਵਿਚ ਕਲਾਮਈ ਪ੍ਰਗਟਾਅ ਕਵਿਤਾ ਹੈ।"[15]

- **ਏ.ਸੀ. ਬ੍ਰੈਡਲੇ** , "ਕਾਵਿ ਦਾ ਸਰੂਪ ਨਾ ਤਾਂ ਯਥਾਰਥ ਸੰਸਾਰ ਦਾ ਭਾਗ ਹੈ ਅਤੇ ਨਾ ਹੀਉਸ ਦੀ ਨਕਲ ਹੈ, ਸਗੋਂ ਆਪਣੇ ਆਪ ਵਿਚ ਇਕ ਸੰਸਾਰ ਹੈ, ਜਿਹੜਾ ਖ਼ੁਦਮੁਖਤਿਆਰ, ਸੰਪੂਰਣ ਤੇ ਸੁਤੰਤਰ ਹੈ।"[16]

ਉੱਪਰ ਦਿੱਤੀਆਂ ਪਰਿਭਾਸ਼ਾਵਾਂ ਤੋਂ ਕਵਿਤਾ ਬਾਰੇ ਕਈ ਗੱਲਾਂ ਸਾਹਮਣੇ ਆਉਂਦੀਆਂ ਹਨ। ਇਕ ਤਾਂ ਇਹ ਕਿ ਇਹ ਮਨੁੱਖ ਦੇ ਧੁਰ ਅੰਦਰ ਦੀ ਆਵਾਜ ਹੁੰਦੀ ਹੈ। ਜੋ ਕੁਝ ਮਨੁੱਖ ਦੇ ਮਨ ਅੰਦਰ ਹੁੰਦਾ ਹੈ, ਉਹ ਆਪ ਮੁਹਾਰੇ ਬਾਹਰ ਵੱਲ ਨੂੰ ਮੂੰਹ ਕਰ ਲੈਂਦਾ ਹੈ। ਕਵੀ ਇਸ ਤਰ੍ਹਾਂ ਉਪਜੇ ਵਿਚਾਰਾਂ ਨੂੰ ਕਲਮਬੱਧ ਕਰ ਲੈਂਦਾ ਹੈ। ਕਵਿਤਾ ਨੂੰ ਜੀਵਨ ਦਾ ਸੱਚ ਅਤੇ ਉਸ ਪਰਮਾਤਮਾ ਤੱਕ ਪਹੁੰਚਣ ਅਤੇ ਉਸ ਬਾਰੇ ਸੂਝ ਦਾ ਸਾਧਨ ਤੱਕ ਸਮਝਿਆ ਜਾਂਦਾ ਹੈ। ਸਦੀਵੀਪਨ ਦੀ ਤਲਾਸ਼ ਕਵਿਤਾ ਰਾਹੀਂ ਹੋ ਸਕਦੀ ਹੈ।

ਭਾਸ਼ਾ, ਮਨੁੱਖ ਅਤੇ ਸਮਾਜ ਅਜਿਹੇ ਤੱਤ ਹਨ, ਜਿਨ੍ਹਾਂ ਵਿਚੋਂ ਕਿਸੇ ਨੂੰ ਵੀ ਨਿਖੇੜਿਆ ਨਹੀਂ ਜਾ ਸਕਦਾ ਹੈ। ਸਮਾਜ ਦੀ ਹੋਂਦ ਮਨੁੱਖ ਨਾਲ ਹੈ ਅਤੇ ਮਨੁੱਖ ਦੀ ਹੋਂਦ ਉਸ ਦੁਆਰਾ ਵਰਤੀ ਗਈ ਭਾਸ਼ਾ ਨਾਲ ਹੈ, ਜੋ ਮਨੁੱਖ ਨੂੰ ਪਸ਼ੂਆਂ ਨਾਲੋਂ ਨਿਖੇੜਦੀ ਹੈ। ਭਾਸ਼ਾ ਮਨੁੱਖ ਲਈ ਇਕ ਰੱਬੀ ਦਾਤ ਹੈ। ਇਸ ਨਾਲ ਮਨੁੱਖ ਆਪਣੇ ਮਨ ਦੇ ਹਾਵ-ਭਾਵ ਇਕ ਦੂਜੇ ਨਾਲ ਸਾਝੇਂ ਕਰਦਾ ਹੈ। ਬਲੂਮਫੀਡ ਅਨੁਸਾਰ, "ਮਨੁੱਖ ਦੀ ਜਿੰਦਗੀ ਵਿਚ ਭਾਸ਼ਾ ਦਾ ਵੱਡਮੁਲਾ ਹਿੱਸਾ ਹੈ, ਪਰ ਭਾਸ਼ਾ ਇੰਨੀ ਜਾਣੀ ਪਛਾਣੀ ਹੁੰਦੀ ਹੈ ਕਿ ਅਸੀ ਮੁਸ਼ਕਿਲ ਨਾਲ ਇਸ ਦੀ ਹੋਂਦ ਨੂੰ ਮਹਿਸੂਸ ਕਰਦੇ ਹਾਂ ਅਤੇ ਇਸ ਤਰ੍ਹਾਂ ਸਹਿਜ ਸੁਭਾਅ ਮੰਨਦੇ ਹਾਂ ਜਿਵੇ ਸਾਹ ਲੈਣਾਂ ਅਤੇ ਚਲਣਾਂ।"[17] ਜਸਪਰਸਨ ਅਨੁਸਾਰ, " ਭਾਸ਼ਾ ਇਕ ਮਨੁੱਖੀ ਕਰਮ ਹੈ, ਜਿਸ ਦਾ ਉਦੇਸ਼ ਵਿਚਾਰਾਂ ਤੇ ਭਾਵਾਂ ਨੂੰ ਸੰਚਾਰਿਤ ਕਰਨਾ ਹੈ।"[18]

## ਅਮਰਜੀਤ ਕੌਂਕੇ: ਜੀਵਨ ਤੇ ਰਚਨਾ

ਨਵੀਂ ਪੰਜਾਬੀ ਕਵਿਤਾ ਵਿਚ ਜਿਨ੍ਹਾਂ ਕਵੀਆਂ ਨੇ ਆਪਣੀ ਵਿਲੱਖਣ ਪਛਾਣ ਬਣਾਈ ਹੈ, ਅਮਰਜੀਤ ਕੌਂਕੇ ਉਨ੍ਹਾਂ ਵਿਚੋਂ ਪ੍ਰਮੁੱਖ ਹੈ। ਅਮਰਜੀਤ ਕੋਂਕੇ ਦਾ ਜਨਮ 27 ਅਗਸਤ 1964 ਈ. ਨੂੰ ਲੁਧਿਆਣੇ ਵਿਚ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਸ. ਪ੍ਰੀਤਮ ਸਿੰਘ ਅਤੇ ਮਾਤਾ ਜੀ ਦਾ ਨਾਂ ਸ੍ਰੀਮਤੀ ਸਤਵੰਤ ਕੌਰ ਸੀ। ਉਨ੍ਹਾਂ ਨੇ ਐਮ.ਏ. (ਪੰਜਾਬੀ), ਪੀ.ਐਚ.ਡੀ. ਦੀ ਵਿਦਿਆ ਪ੍ਰਾਪਤ ਕੀਤੀ ਹੈ। ਉਹ ਕਿੱਤੇ ਵਜੋਂ ਕਾਲਜ ਵਿਚ ਲੈਕਚਰਾਰ (ਪੰਜਾਬੀ) ਹਨ। ਕੋਂਕੇ ਪੰਜਾਬੀ ਕਵਿਤਾ ਵਿਚ ਇਕ ਉਭਰਿਆ ਹੋਇਆ ਕਵੀ ਹੈ। ਉਸ ਨੇ ਪੰਜਾਬੀ ਸਾਹਿਤ ਨੂੰ ਅਨੇਕਾਂ ਕਾਵਿ ਸੰਗ੍ਰਹਿ ਦਿੱਤੇ ਹਨ।ਕੋਂਕੇ ਸਾਹਿਤ ਜਗਤ ਵਿਚ ਪ੍ਰਤਿਭਾਸਾਲੀ ਕਵੀ ਹੈ।ਉਹ ਬਹੁ-ਪਸਾਰੀ ਸਖ਼ਸੀਅਤ ਦਾ ਮਾਲਕ ਹੈ। ਉਸ ਨੂੰ ਕਾਵਿ ਸਿਰਜਣਾ, ਆਲੋਚਨਾ ਅਤੇ ਅਨੁਵਾਦ ਦੇ ਖੇਤਰ ਵਿਚ ਮੁਹਾਰਤ ਹਾਸਿਲ ਹੈ।ਪੰਜਾਬੀ ਤੋਂ ਇਲਾਵਾ ਹਿੰਦੀ ਵਿਚ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੀਆਂ ਰਚਨਾਵਾਂ ਦਾ ਇਕ ਦੂਜੇ ਵਿਚ ਅਨੁਵਾਦ ਉਸ ਦੀ ਬਹੁ-ਭਾਸ਼ਾਈ ਯੋਗਤਾ ਦੀ ਝਲਕ ਦਿਸਦੀ ਹੈ।

### ਰਚਨਾ ਜਗਤ

ਅਮਰਜੀਤ ਕੌਂਕੇ ਨੇ ਸਾਹਿਤ ਨੂੰ ਅਨੇਕਾਂ ਕਾਵਿ ਸੰਗ੍ਰਹਿ ਦਿੱਤੇ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਸਾਹਿਤਿਕ ਕਾਰਜ (ਕਵਿਤਾ)

ਅਮਰਜੀਤ ਕੋਂਕੇ ਦੀਆਂ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ ਜੋ ਕਾਵਿ ਸੰਗ੍ਰਹਿ ਪ੍ਰਕਾਸਿਤ ਹੋਏ ਹਨ।

- ਦਾਇਰਿਆਂ ਦੀ ਕਬਰ ’ਚੋਂ (1985)
- ਨਿਰਵਾਣ ਦੀ ਤਲਾਸ ’ਚ(1987)
- ਦਵੰਦ ਕਥਾ (1990)
- ਯਕੀਨ (1993)
- ਸ਼ਬਦ ਰਹਿਣਗੇ ਕੋਲ (1996)
- ਸਿਮਰਤੀਆ ਦੀ ਲਾਲਟੈਣ (2002)
- ਪਿਆਸ (2013)

**ਹਿੰਦੀ ਕਾਵਿ ਸੰਗ੍ਰਹਿ**

- ਮੁੱਠੀ ਭਰ ਰੋਸਨੀ (1995)
- ਅੰਧੇਰੇ ਮੇਂ ਆਵਾਜ (1997)
- ਅੰਤਰਹੀਣ ਦੌੜ (2007)
- ਬਨ ਰਹੀ ਹੈ ਨਈ ਧੁਨੀਆਂ (2014)

**ਅਨੁਵਾਦਿਤ ਰਚਨਾਵਾਂ**

(ਹਿੰਦੀ ਤੋਂ ਪੰਜਾਬੀ)

- ਔੜ ਵਿਚ ਸਾਰਸ (ਡਾ. ਕੇਦਾਰਨਾਥ ਸਿੰਘ)
- ਅਰਣਿਆ (ਸ੍ਰੀ ਨਰੇਸ ਮਹਿਤਾ)
- ਗੋਟਿਆ (ਨ.ਧ. ਤਮਹਨਕਰ)
- ਦੇਵਕੀ ਨੰਦਨ ਖੱਤਰੀ (ਮਧੂਰੇਸ਼)
- ਉਸ ਰਾਤ ਦੀ ਗੱਲ (ਮਿਥਿਲੇਸ਼ਵਰ)
- ਨਾ ਛੁਹੀ ਪਰਛਾਵੇਂ ਮਨਾ (ਹਿਮਾਸੂ ਜੋਸੀ)
- ਗਾਥਾ ਮਹਾਂ ਮਨੁੱਖ ਦੀ (ਬਲਭਦਰ ਠਾਕੁਰ)

- ਨਵੇਂ ਇਲਾਕੇ ਵਿਚ (ਅਰੁਨ ਕਮਲ)
- ਦੂਜਾ ਕੋਈ ਨਹੀਂ (ਕੁੰਵਰ ਨਾਰਾਇਣ)
- ਔਰਤ ਮੇਰੇ ਅੰਦਰ (ਪਵਨ ਕਰਨ)
- ਧੁੱਪ ਨਿਕਲੇਗੀ (ਜਸਵੀਰ ਚਾਵਲਾ)
- ਸੰਪਰਦਾਇਕਤਾ (ਬਿਪਨ ਚੰਦਰ)
- ਊਸਾ ਯਾਦਵ ਦੀਆਂ ਚੋਣਵੀਆਂ ਕਹਾਣੀਆਂ

**ਅਨੁਵਾਦ (ਅੰਗਰੇਜੀ ਤੋਂ ਪੰਜਾਬੀ )**

- ਜਦੋਂ ਧੁਨੀਆਂ ਨਵੀਂ ਨਵੀਂ ਬਣੀ (ਵੇਰੀਅਰ ਐਲਵਿਨ)
- ਕਾਠ ਕਾ ਪੁਤਲਾ (ਕਾਰਲੋ ਕੋਲੋਦੀ)

**ਅਨੁਵਾਦ (ਪੰਜਾਬੀ ਤੋਂ ਹਿੰਦੀ )**

- ਗਲੀਏ ਚਿੱਕੜ ਦੂਰ ਘਰ (ਵਣਜਾਰਾ ਵੇਦੀ)
- ਸ਼ਬਦੋਂ ਕੀ ਧੁਪ (ਸੁਖਵਿੰਦਰ ਕੰਬੋਜ)
- ਸੂਰਜ ਕਾ ਤਕੀਆ (ਰਵਿੰਦਰ ਰਵੀ)
- ਬਾਂਸੁਰੀ ਕਯਾ ਗੀਤ ਗਾਏ (ਡਾ. ਰਵਿੰਦਰ)
- ਪੱਤੇ ਕੀ ਮਹਾਂਯਾਤਰ੍ਹਾਂ (ਪਰਮਿੰਦਰ ਸੋਡੀ)
- ਟੁਕੜਾ ਟੁਕੜਾ ਵਰਤਮਾਨ (ਸੁਰਿੰਦਰ ਸੋਹਲ)
- ਹਾਰ ਕਰ ਭੀ (ਦਰਸ਼ਨ ਬੁਲਦਵੀ)
- ਖਾਲੀ ਦਰਿਆ (ਬੀ.ਐਸ. ਰਤਨ)

**ਸੰਪਾਦਨ**

ਅਮਰਜੀਤ ਕੌਂਕੇ ਦੇ ਸੰਪਾਦਿਤ ਸੰਗ੍ਰਹਿ ਅਤੇ ਤ੍ਰੈਮਾਸਿਕ ਹੇਠ ਲਿਖੇ ਅਨੁਸਾਰ ਹਨ।

- ਸਮਾਨੰਤਰ (ਨੌਵੇਂ ਦਹਾਕੇ ਦੀ ਪੰਜਾਬੀ ਕਵਿਤਾ, 1992) : ਪ੍ਰਤੀਕ ਪਬਲੀਕੇਸ਼ਨਜ, ਪਟਿਆਲਾ.
- ਸਮਾਂ ਉਦਾਸ ਨਹੀ (ਸਮਕਾਲੀ ਪੰਜਾਬੀ ਕਵਿਤਾ, 1997) :ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ.
- ਸਵਰਨ ਸਿੰਘ ਪਰਵਾਨਾ ਦੀ ਕਾਵਿ-ਚੇਤਨਾ :ਪ੍ਰਤੀਕ ਪਬਲੀਕੇਸ਼ਨਜ, ਪਟਿਆਲਾ.
- 1998 ਤੋਂ 2003ਤੱਕ ਤ੍ਰੈਮਾਸਿਕ ਸਰੋਕਾਰ ਦੀ ਸੰਪਾਦਨਾ.

- 2003 ਤੋਂ ਤ੍ਰੈਮਾਸਿਕ ਪ੍ਰਤਿਮਾਨ ਦੀ ਨਿਰੰਤਰ ਸੰਪਾਦਨਾ.

ਆਧੁਨਿਕ ਮਨੁੱਖ ਪਦਾਰਥਕ ਸੰਵੇਦਨਾਵਾਂ ਨਾਲ ਲਬਰੇਜ਼ ਜੀਵਨ ਜਿਉਂਦਾ ਮਸ਼ੀਨੀ ਵਰਤਾਰੇ ਦਾ ਸੰਤਾਪ ਆਪਣੇ ਪਿੰਡੇ 'ਤੇ ਹੰਢਾ ਰਿਹਾ ਹੈ।ਭੌਤਿਕ ਵਸਤੂਆਂ ਨੂੰ ਵੱਧ ਤੋਂ ਵੱਧ ਮਾਨਵ ਦੀ ਦੋੜ ਨੇ ਮਨੁੱਖ ਨੂੰ ਜ਼ਿੰਦਗੀ ਦੇ ਅਸਲ ਮੰਤਵ ਤੋਂ ਭਟਕਾ ਕੇ ਭਾਵਨਾਵਾਂ ਤੋਂ ਸੱਖਣਾ ਕਰ ਦਿੱਤਾ ਹੈ। ਅਮਰਜੀਤ ਕੌਂਕੇ ਦੀ ਕਵਿਤਾ ਅਜਿਹੇ ਹੀ ਮਨੁੱਖ ਦੀ ਤਸਵੀਰ ਪੇਸ਼ ਕਰਦੀ ਹੋਈ ਅਜੋਕੇ ਦੋਰ ਦੀ ਪ੍ਰਤੀਨਿਧ ਕਵਿਤਾ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਕੌਂਕੇ ਨੇ ਆਧੁਨਿਕ ਮਨੁੱਖ ਦੇ ਜੀਵਨ ਬਿਰਤਾਂਤ ਤੇ ਸਮਾਜਿਕ ਵਰਤਾਰਿਆਂ ਨੂੰ ਕਾਵਿ ਮਈ ਰੂਪ ਦਿੱਤਾ ਹੈ। ਅਜੋਕੇ ਯੁੱਗ ਦੀ ਕਵਿਤਾ ਗਲੋਬਲ ਯੁੱਗ ਦੀ ਕਵਿਤਾ ਹੈ।ਇਸ ਦਾ ਆਧਾਰ ਅੱਜ ਦਾ ਮਨੁੱਖੀ ਜੀਵਨ ਹੈ। ਅਜੋਕਾ ਯੁੱਗ ਹਰ ਦਿਨ ਹਰ ਪਲ ਬਦਲ ਰਿਹਾ ਹੈ। ਗਲੋਬਲੀ ਮਨੁੱਖ ਅੰਦਰ ਵੀ ਨਿਰੰਤਰ ਤਬਦੀਲੀ ਆ ਰਹੀ ਹੈ। ਇਨ੍ਹਾਂ ਤਬਦੀਲੀਆਂ ਰਾਹੀਂ ਮਨੁੱਖ ਆਪਣੀਆਂ ਕਦਰਾਂ ਕੀਮਤਾਂ ਭੁਲਦਾ ਜਾ ਰਿਹਾ ਹੈ। ਅਮਰਜੀਤ ਕੌਂਕੇ ਨੇ ਆਪਣੀਆਂ ਕਵਿਤਾਵਾਂ ਵਿਚ ਮਨੁੱਖੀ ਰਿਸ਼ਤਿਆਂ ਦੀ ਟੁੱਟ ਭਜ, ਨੈਤਿਕ ਕਦਰਾਂ-ਕੀਮਤਾਂ, ਰਾਜਨੀਤੀਕ, ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਪੇਸ਼ ਕੀਤਾ ਹੈ।

ਕੌਂਕੇ, ਸੁਰਜੀਤ ਪਾਤਰ ਤੇ ਪਾਸ਼ ਦੀ ਪੀੜ੍ਹੀ ਤੋਂ ਬਾਅਦ ਦਾ ਕਵੀ ਹੈ। ਹੁਣ ਤੱਕ ਕੌਂਕੇ ਨੇ ਪੰਜਾਬੀ ਕਾਵਿ ਜਗਤ ਅੰਦਰ ਚੰਗੀ ਪਛਾਣ ਬਣਾਈ ਹੈ। ਕੌਂਕੇ ਦੀ ਕਵਿਤਾ ਇਕ ਵਿਸ਼ੇਸ ਵਿਸ਼ੇ ਤੇ ਆਧਾਰਿਤ ਨਹੀਂ ਹੈ। ਉਸ ਦੀ ਕਵਿਤਾ ਬਹੁ-ਵਿਸ਼ੇ ਤੇ ਅਧਾਰਿਤ ਹੈ।"ਅਮਰਜੀਤ ਕੌਂਕੇ ਪ੍ਰਵਾਨ ਚੜ੍ਹ ਰਹੀ ਨੋਜਵਾਨ ਪੀੜ੍ਹੀ ਦਾ ਚਰਚਿਤ ਸ਼ਾਇਰ ਹੈ। ਨਵੀਂ ਪੰਜਾਬੀ ਕਵਿਤਾ ਵਿਚ ਜਿਹੜੇ ਸ਼ਾਇਰ ਆਧੁਨਿਕ ਯੁੱਗ ਸੰਵੇਦਨਾ, ਤੇਜ ਬਦਲਦੇ ਜੀਵਨ ਢੰਗ ਅਤੇ ਵਿਅਕਤੀਪਰਕ ਮੱਹਤਵ ਅਕਾਂਖਿਆਵਾਂ ਨਾਲ ਜੁੜੇ ਸ਼ੈਆਂ-ਮਸਲਿਆਂ, ਵਿਹਾਰ ਅਤੇ ਵਰਤਾਰਿਆਂ ਨੂੰ ਨਵੀਂ ਕਾਵਿਕ ਵਿਧੀ ਰਾਹੀਂ ਸਿਰਜ ਸੰਚਾਰ ਰਹੇ ਹਨ, ਕੌਂਕੇ ਉਹਨਾਂ ਮੋਹਰੀ ਪੰਜਾਬੀ ਸ਼ਾਇਰਾਂ ਵਿਚੋਂ ਇਕ ਹੈ। ਪ੍ਰਗਤੀਵਾਦੀ, ਪ੍ਰਯੋਗਸ਼ੀਲ, ਨਕਸਲਵਾੜੀ ਅਤੇ ਤੱਥਾ ਕਥਿਤ ਆਧੁਨਿਕਵਾਦੀ ਵਾਦਾਂ-ਵਿਵਾਦਾਂ ਤੋਂ ਇਕ ਸੁਚੇਤ ਅਤੇ ਸੁਚਾਰੂ ਵਿਥ ਤੇ ਵਿਚਰਦੀ ਕੌਂਕੇ ਦੀ ਸ਼ਾਇਰੀ ਮਨੁੱਖੀ ਅਸਤਿਤਵ ਦੇ ਜੀਵੰਤ ਪਰ ਸੰਕਟ ਵਿਚ ਘਿਰੇ ਨਿਹਾਇਤ ਅਣਛੋਹੇ ਪਸਾਰਾਂ ਨੂੰ ਕਾਵਿਕ ਜ਼ੁਬਾਨ ਦਿੰਦੀ ਹੈ।"[19]

ਅਮਰਜੀਤ ਕੌਂਕੇ ਪੰਜਾਬੀ ਕਾਵਿ ਖੇਤਰ ਵਿਚ ਇਕ ਜਾਣਿਆ-ਪਛਾਣਿਆ ਨਾਮ ਹੈ।ਉਸ ਨੇ ਆਪਣੀਆਂ ਕਵਿਤਾਵਾਂ ਵਿਚ ਨਿੱਜ ਤੋਂ ਪਾਰ ਦੇ ਦਰਦ ਨੂੰ ਬਹੁਤ ਹੀ ਕਲਾਤਮਕ ਸ਼ੈਲੀ ਰਾਹੀਂ ਰੂਪਮਾਨ ਕੀਤਾ ਹੈ।ਉਸ ਤੋਂ ਪਹਿਲਾਂ ਰਚੀ ਜਾ ਰਹੀ ਪੰਜਾਬੀ ਕਵਿਤਾ ਮਨੁੱਖੀ ਯਥਾਰਥ ਨਾਲ ਸਬੰਧਿਤ ਰਹੀ ਹੈ, ਪਰ ਉਸ ਨੇ ਮਨੁੱਖ ਦੇ ਅੰਦਰੂਨੀ ਯਥਾਰਥ ਨੂੰ ਬਾਹਰੀ ਯਥਾਰਥ ਨਾਲ ਤੋੜ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਕੌਂਕੇ ਕਿਸੇ ਧਾਰਾ ਜਾਂ ਵਾਦ ਨਾਲ ਜੁੜਿਆ ਹੋਇਆ ਕਵੀ ਨਹੀਂ ਹੈ। ਉਸਦੀ ਕਵਿਤਾ ਜੀਵਨ ਦੇ ਯਥਾਰਥ ਦੀ ਕਵਿਤਾ ਹੈ।ਉਹ ਕਲਾ ਨੂੰ ਸਦਾ ਮਨੁੱਖੀ ਕਦਰਾਂ-ਕੀਮਤਾਂ ਦੇ ਹੱਕ ਲਈ ਵਰਤਣ ਵਿਚ ਯਕੀਨ ਰਖਦਾ ਹੈ। ਇਸ ਸੰਬੰਧੀ ਪ੍ਰੋ. ਪ੍ਰਭਜੋਤ ਕੋਰ ਭੰਡਾਲ ਲਿਖਦੀ ਹੈ ਕਿ, "ਅਮਰਜੀਤ ਕੌਂਕੇ ਆਧੁਨਿਕ ਪੰਜਾਬੀ ਕਾਵਿ ਜਗਤ ਦਾ ਇਕ ਜਾਣਿਆ ਪਛਾਣਿਆ ਨਾਮ ਹੈ। ਉਹ 'ਦਾਇਰਿਆਂ ਦੀ ਕਬਰ' 'ਚੋਂ ਨਿਕਲ

ਕੇ 'ਨਿਰਵਾਣ ਦੀ ਤਲਾਸ਼' ਕਰਦਿਆ 'ਦਵੰਦ ਕਥਾ' ਸੁਣਾਉਂਦਾ ਹੋਇਆ 'ਯਕੀਨ' ਦੀ ਪੌੜੀ ਚੜ 'ਸ਼ਬਦ ਰਹਿਣਗੇ ਕੋਲ' ਦਾ ਨਾਅਰਾ ਬੁਲੰਦ ਕਰਦਾ ਹੋਇਆ 'ਸਿਮਰਤੀਆਂ ਦੀ ਲਾਲਟੈਣ' ਜਗਾਉਂਦਾ ਹੈ। ਉਸ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹ ਕਿਸੇ ਪ੍ਰਚਲਿਤ ਵਾਦ ਜਾਂ ਵਿਚਾਰਧਾਰਾ ਨਾਲ ਬੱਝ ਕੇ ਕਾਵਿ ਰਚਨਾ ਨਹੀਂ ਕਰਦਾ ਹੈ।ਉਸ ਦੀ ਕਵਿਤਾ ਬਹੁ-ਦਿਸਾਵੀ ਹੈ। ਉਸ ਦੀ ਜ਼ਿੰਦਗੀ ਦੇ ਵਿਭਿੰਨ ਅਯਾਮਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਆਪਣੀ ਨਿਵੇਕਲੀ ਪ੍ਰਤਖਣ ਸ਼ਕਤੀ ਦੀ ਅਭਿਵਿਅਕਤੀ ਰਾਹੀਂ ਉਹ ਜਿੰਦਗੀ ਦੇ ਚੰਗੇ ਤੇ ਮਾੜੇ ਹਰ ਪੱਖ ਨੂੰ ਬੜੀ ਬੇਬਾਕੀ ਨਾਲ ਪੇਸ਼ ਕਰਦਾ ਹੈ।"[20] ਅਮਰਜੀਤ ਕੌਂਕੇ ਦੀ ਇਹ ਖ਼ਾਸਿਅਤ ਹੈ ਕਿ ਉਹ ਜਿਸ ਪੱਖ ਨੂੰ ਵੀ ਮਹਿਸੂਸ ਕਰਦਾ ਹੈ। ਉਸ ਨੂੰ ਸ਼ਬਦਾਂ ਦੇ ਰੂਪ ਵਿਚ ਢਾਲ ਦਿੰਦਾ ਹੈ। ਉਸ ਦੀ ਸ਼ਾਇਰੀ ਪੰਜਾਬੀ ਕਵਿਤਾ ਦੇ ਉਤਾਰ ਚੜਾਵ ਦੇ ਨਾਲ-ਨਾਲ ਉਸ ਦੀ ਆਪਣੀ ਜਿੰਦਗੀ ਦੇ ਉਤਾਰ ਚੜਾਵ ਦਾ ਲੇਖਾ ਹੈ। ਉਸ ਦੀ ਸ਼ਾਇਰੀ ਉਸ ਦੇ ਅੰਦਰੋਂ ਨਿਕਲੀ ਹੋਈ ਹੈ। ਉਸ ਨੂੰ ਆਪਣੀ ਗੱਲ ਕਹਿਣੀ ਆਉਂਦੀ ਹੈ। ਉਸ ਦੀ ਸ਼ੈਲੀ ਆਮ ਬੋਲ ਚਾਲ ਵਾਲੀ ਹੈ ਜੋ ਕਵਿਤਾ ਨੂੰ ਵਧੇਰੇ ਰੋਚਕ ਤੇ ਪ੍ਰਭਾਵਸ਼ਾਲੀ ਬਣਾਉਦੀਂ ਹੈ। ਉਸ ਦੀ ਕਵਿਤਾ ਆਮ ਆਦਮੀ ਨੂੰ ਅੰਦਰਲੀਆਂ ਡੂੰਘਾਈਆਂ ਤੱਕ ਲੈ ਜਾਂਦੀ ਹੈ। ਕੌਂਕੇ ਨੇ ਆਪਣੀਆਂ ਕਵਿਤਾਵਾਂ ਦੇ ਸੰਚਾਰ ਲਈ ਜਿਹੜੀ ਭਾਸ਼ਾ ਦੀ ਵਰਤੋਂ ਕੀਤੀ ਹੈ, ਉਹ ਆਮ ਮਨੁੱਖ ਦੀ ਭਾਸ਼ਾ ਹੈ। ਉਸ ਦੀ ਭਾਸ਼ਾ ਵਿਚ ਕਿਤੇ ਵੀ ਜਟਿਲਤਾ ਨਹੀਂ ਹੈ ਤੇ ਸੰਚਾਰ ਦੀਆਂ ਸਮੱਸਿਆਵਾਂ ਪੈਦਾ ਨਹੀਂ ਹੁੰਦੀ ਹੈ। ਉਹ ਭਾਸ਼ਾ ਦੀ ਇਸ ਤਰ੍ਹਾਂ ਵਰਤੋਂ ਕਰਦਾ ਹੈ ਕਿ ਭਾਸ਼ਾ ਵਿਚ ਵਿਲਖਣ ਅਰਥ ਭਰ ਜਾਂਦੇ ਹਨ। "ਕੌਂਕੇ ਨੇ ਆਪਣੀ ਕਵਿਤਾ ਦੇ ਪ੍ਰਗਟਾਅ ਲਈ ਅਜੋਕੀ ਸ਼ਬਦਾਬਲੀ, ਚਿੰ੍ਨਾਂ, ਬਿੰਬਾਂ ਤੇ ਪ੍ਰਤੀਕਾਂ ਨੂੰ ਮਾਧਿਅਮ ਵਜੋਂ ਵਰਤਿਆ ਹੈ। ਉਸ ਦੀ ਕਵਿਤਾ ਦੀ ਭਾਸ਼ਾ ਬਿੰਬਾਂ, ਪ੍ਰਤੀਕਾ ਰਾਹੀਂ ਚਿਤਰ ਪੇਸ਼ ਕਰਦੀ ਹੈ, ਸ਼ਬਦ ਸ਼ਕਤੀਆਂ ਦੀ ਸਮਰੱਥਾ ਨੂੰ ਪ੍ਰਗਟਾਉਂਦੀ, ਅੰਲਕਾਰ ਯੋਜਨਾ ਨੂੰ ਦਰਸਾਉਂਦੀ, ਗਤੀਸ਼ੀਲ ਭਾਸ਼ਾ ਹੈ।"[21] ਉਸ ਦੀ ਭਾਸ਼ਾ ਵਿਚ ਹਿੰਦੀ, ਅੰਗਰੇਜ਼ੀ ਦਾ ਮਿਸ਼ਰਣ ਮਿਲਦਾ ਹੈ। ਕੌਂਕੇ ਨੇ ਆਪਣੀਆਂ ਕਵਿਤਾਵਾਂ ਵਿਚ ਪੰਜਾਬੀ ਸਭਿਆਚਾਰ ਨੂੰ ਦਰਸਾਉਣ ਲਈ ਚਿਹਨਾਂ ਦੀ ਵਰਤੋਂ ਕੀਤੀ ਹੈ।ਉਸ ਦੀਆਂ ਕਵਿਤਾ ਵਿਚ ਧੁਨੀ ਬਿੰਬ ਅਤੇ ਸੰਕਲਪ ਬਿੰਬ ਦੀ ਵਰਤੋਂ ਵਧੇਰੇ ਦੇਖਣ ਨੂੰ ਮਿਲਦੀ ਹੈ।

"ਉਸ ਦੀ

ਮਹਿੰਦੀ ਰੰਗੀਆਂ ਤਲੀਆਂ ਨੂੰ ਵੇਖ ਕੇ

ਮੈਂ ਚਾਹਿਆ

ਕਿ ਦੁਨੀਆਂ ਦੀਆਂ ਸਾਰੀਆਂ ਤਲੀਆਂ

ਹੋਣੀਆਂ ਚਾਹੀਦੀਆਂ ਖੂਬਸੂਰਤ

ਤਾਂ ਕਿ ਦੁਨੀਆਂ

ਹੋਰ ਸੋਹਣੀ ਤੇ ਰੰਗੀਨ ਬਣ ਸਕੇ…”[22]

ਆਧੁਨਿਕ ਦੌਰ ਵਿਚ ਵਿਚਰ ਰਿਹਾ ਕਵੀ ਨਵੇਂ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੈ ਅਜਿਹੇ ਵਿਚਾਰ ਜੋ ਸਾਡੇ ਜੀਵਨ ਦਾ ਕੋੜਾ ਸੱਚ ਹਨ।ਆਧੁਨਿਕ ਮਨੁੱਖ ਉਹ ਚਾਹੇ ਮਰਦ ਹੈ ਜਾਂ ਔਰਤ ਪ੍ਰੰਪਰਾਵਾਂ ਦੀ ਕੈਦ ਤੋਂ ਮੁਕਤੀ ਚਾਹੁੰਦਾ ਹੈ। ਕਵੀ ਸਮਾਜ ਦੀ ਬਦਲ ਰਹੀ ਤਸਵੀਰ ਤੇ ਨੈਤਿਕ ਕਦਰਾਂ ਕੀਮਤਾਂ ਵਿਚ ਪਰਿਵਰਤਨ ਨੂੰ ਸੱਚ ਦੇ ਰੂਪ ਵਿਚ ਸਾਡੇ ਸਾਹਮਣੇ ਲਿਆਉਂਦਾ ਹੈ। ਪੁਰਾਤਨ ਸਮੇਂ ਵਿਚ ਔਰਤ ਗੁਲਾਮ ਸੀ। ਉਸ ਦੀ ਆਜਾਦੀ ਦੀ ਡੋਰ ਮਰਦ ਦੇ ਹੱਥ ਵਿਚ ਸੀ। ਉਹ ਅੱਜ ਵੀ ਆਪਣੀ ਆਜਾਦੀ ਲਈ ਤਿਲਮਿਲਾ ਰਹੀ ਹੈ ਪਰ ਉਸ ਨੂੰ ਪੂਰੀ ਤਰ੍ਹਾਂ ਸਫ਼ਲਤਾ ਨਹੀਂ ਮਿਲੀ ਹੈ। ਸਮਾਜਿਕ ਪ੍ਰਬੰਧ ਉਸ ਦੀ ਆਜਾਦੀ ਵਿਚ ਸਭ ਤੋਂ ਵੱਡੀ ਅੜਚਨ ਹੈ। ਕਵੀ ਔਰਤ ਦੀ ਸਥਿਤੀ ਨੂੰ ਪਾਠਕਾਂ ਦੇ ਸਾਹਮਣੇ ਲਿਆਉਣ ਦਾ ਯਤਨ ਕਰਦਾ ਹੈ। ਕੌਂਕੇ ਕਾਵਿ ਵਿਚਲੀ ਨਾਰੀ ਦਾ ਬਿੰਬ ਦੂਜੇ ਕਵੀਆਂ ਨਾਲੋਂ ਬਿਲਕੁਲ ਵੱਖਰਾ ਹੈ ਕਿਉਂਕਿ ਕੌਂਕੇ ਆਪਣੀਆਂ ਕਵਿਤਾਵਾਂ ਵਿਚ ਨਾਰੀ ਦੀ ਨਿਸੰਗਤਾ ਨੂੰ ਨਿਰਲੱਜਤਾ ਦੇ ਰੂਪ ਵਿਚ ਪੇਸ਼ ਨਹੀਂ ਕਰਦਾ ਹੈ। ਪੰਜਾਬੀ ਸਭਿਆਚਾਰ ਨਾਲ ਜੁੜੇ ਹੋਣ ਕਾਰਨ ਕੌਂਕੇ ਸੰਧੂਰ, ਬਿੰਦੀ, ਝਾਂਜਰ, ਵੰਗਾਂ, ਮੰਗਲਸੂਤਰ ਆਦਿ ਚਿਹਨ ਵਰਤਦਾ ਹੈ ਜੋ ਸਾਡੇ ਸਮਾਜ ਵਿਚ ਔਰਤ ਦੇ ਸੁਹਾਗਣ ਹੋਣ ਦੇ ਪ੍ਰਤੀਕ ਹਨ।ਦੂਜੇ ਪਾਸੇ ਇਹ ਔਰਤ ਨੂੰ ਕੈਦ ਵਿਚ ਰਖਦੇ ਹਨ।

“ ਬਿਸਤਰ ਤੇ ਬੈਠੀ

ਉਹ ਮੰਗਲਸੂਤਰ ਲਾਹ ਸੁੱਟਦੀ

ਵੀਣੀ ਦੀਆਂ ਵੰਗਾਂ

ਬੇਦਰਦੀ ਨਾਲ ਲਾਹੁੰਦੀ

ਹੌਲੀ ਹੌਲੀ ਉਹ ਆਪਣੇ ਖਾਵੰਦ ਦਾ

ਸਭ ਕੁਝ ਉਤਾਰ ਸੁਟਦੀ

ਪਰ ਮਿਲਣ ਦੀਆਂ

ਇਨ੍ਹਾਂ ਘੜੀਆਂ ਤੋਂ ਬਾਅਦ

ਜਾਣ ਲੱਗੀ

ਮੇਰੇ ਤੋਂ ਬਚਾ ਕੇ ਉਹ ਅੱਖਾਂ ਪੂੰਝਦੀ ।”[23]

ਅਮਰਜੀਤ ਕੌਂਕੇ ਦੇ ਕਾਵਿ ਸੰਗ੍ਰਿਹ 'ਸ਼ਬਦ ਰਹਿਣਗੇ ਕੋਲ' ਦੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਮਨੁੱਖੀ ਰਿਸ਼ਤਿਆਂ ਤੇ ਸੰਬੰਧਾਂ ਬਾਰੇ ਹੈ। 'ਯਕੀਨ' ਕਾਵਿ ਸੰਗ੍ਰਿਹ ਦੀਆਂ ਕਵਿਤਾਵਾਂ ਵਿਚ ਜੋ ਪਿਆਰ ਦ੍ਰਿਸ਼ਟੀਗੋਚਰ ਹੋਇਆ ਸੀ 'ਸ਼ਬਦ ਰਹਿਣਗੇ ਕੋਲ' ਕਾਵਿ ਸੰਗ੍ਰਿਹ ਵਿਚ ਉਸ ਦਾ ਵਿਸਥਾਰ ਹੋਇਆ ਹੈ। ਇਸ ਸੰਗ੍ਰਿਹ ਦੀਆਂ ਸਾਰੀਆਂ ਕਵਿਤਾਵਾਂ ਵਿਚ ਮਨੁੱਖੀ ਸੰਬੰਧਾਂ, ਰਿਸ਼ਤਿਆਂ ਦੇ ਨਵੇਂ ਰੂਪਾਂ, ਪਿਆਰ ਅਨੁਭਵ ਤੇ ਆਧਾਰਿਤ ਹਨ। ਕਵਿਤਾ ਕੌਂਕੇ ਲਈ ਕਾਮਨਾਵਾਂ ਦੇ ਸੁਤੰਤਰ ਸੰਚਾਰ ਦਾ ਮਾਧਿਅਮ ਵੀ ਹੈ ਤੇ ਕਾਮਨਾਵਾਂ ਨੂੰ ਪ੍ਰੇਰਿਤ ਕਰਨ ਦਾ ਹਥਿਆਰ ਵੀ। ਆਪਣੀ ਗੱਲ ਕਹਿਣ ਲਈ ਕਵੀ ਪ੍ਰਮਾਣਿਕ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਕਾਵਿ ਰਚਨਾ ਲਈ ਉਹ ਢੁਕਵਾਂ ਸ਼ਿਲਪ ਵਿਧਾਨ ਦੀ ਵਰਤੋਂ ਕਰਦਾ ਹੈ ਅਤੇ ਢੁਕਵੇਂ ਤਾਲ, ਪ੍ਰਤੀਕ ਅਤੇ ਹੋਰ ਕਾਵਿ ਅੰਲਕਾਰਾਂ ਦੀ ਵਰਤੋਂ ਕਰਦਾ ਹੈ। ਉਹ ਢੁਕਵੇਂ ਸ਼ਬਦਾਂ ਅਤੇ ਭਾਸ਼ਾ ਦੀ ਵਰਤੋਂ ਕਰਦਾ ਹੈ। ਇਹ ਕੌਂਕੇ ਕਾਵਿ ਨੂੰ ਹੋਰ ਸ਼ਕਤੀਸ਼ਾਲੀ ਤੇ ਸੁੰਦਰ ਬਣਾਉਂਦਾ ਹੈ। ਕਵਿਤਾ ਸਾਹਿਤ ਦੀ ਅਜਿਹੀ ਵਿਧਾ ਹੈ ਜੋ ਸਭ ਤੋਂ ਵਧੇਰੇ ਲਿਖੀ, ਪੜ੍ਹੀ ਤੇ ਵਿਚਾਰੀ ਜਾਂਦੀ ਹੈ। ਸਾਹਿਤ ਦਾ ਜਿਹੜਾ ਵੀ ਰੂਪ ਵਧੇਰੇ ਰਚਿਆ ਜਾਂਦਾ ਹੈ ਉਸ ਸਾਹਿਤ ਰੂਪ ਵਿਚ ਸਮਾਜ ਦੇ ਦਰਪੇਸ਼ ਮੁਸਕਿਲਾਂ ਤੇ ਚੁਣੌਤੀਆਂ ਨੂੰ ਪੇਸ਼ ਕਰਨ ਦੀ ਸਮਰਥਾ ਵਧੇਰੇ ਹੁੰਦੀ ਹੈ। ਕੌਂਕੇ ਦੀ ਸਮੁੱਚੀ ਕਵਿਤਾ ਵਿਚ ਮਨੁੱਖ ਦਾ ਆਪਣੇ ਜੀਵਨ ਪਧੱਰ ਨੂੰ ਉੱਚਾ ਚੁਕਣ ਲਈ ਅਤੇ ਸਵੈ-ਸਥਾਪਤੀ ਲਈ ਸੰਘਰਸ਼ ਤਾਂ ਹੈ ਪਰ ਇਸ ਸੰਘਰਸ਼ ਦੇ ਨਤੀਜੇ ਲਾਭਦਾਇਕ ਨਜ਼ਰ ਨਹੀਂ ਆਉਂਦੇ ਹਨ।ਅਜੋਕੇ ਮਸ਼ੀਨੀ ਯੁੱਗ ਵਿਚ ਮਨੁੱਖ ਇਕ ਮਸ਼ੀਨ ਬਣ ਕੇ ਰਹਿ ਗਿਆ ਹੈ।ਅਮਰਜੀਤ ਕੌਂਕੇ ਇਕ ਅਜਿਹਾ ਸ਼ਾਇਰ ਹੈ ਜੋ ਅਜੋਕੇ ਮਸ਼ੀਨੀ ਯੁੱਗ ਵਿਚ ਸਾਧਾਰਣ ਮਨੁੱਖ ਦੀ ਲਾਚਾਰੀ, ਬੇਬਸੀ, ਇਕਲਤਾ ਅਤੇ ਭਟਕਣ ਆਦਿ ਨੂੰ ਬਹੁਤ ਸੁਖਮਤਾ ਨਾਲ ਆਪਣੀ ਕਵਿਤਾ ਵਿਚ ਬੜੇ ਹੀ ਸੁੰਦਰ ਢੰਗ ਨਾਲ ਪੇਸ਼ ਕਰਦਾ ਹੈ।

" ਇਹ ਨਹੀਂ ਹੈ ਜ਼ਿੰਦਗੀ

ਸਵੇਰ ਤੋਂ ਲੈਂ ਕੇ ਸੂਰਜ ਦੇ ਢਲਣ ਤਕ

ਮਸਨੂਈ ਰੌਸ਼ਨੀਆਂ ਦੇ ਬਲਣ ਤਕ

ਫੈਕਟਰੀ ਦੀਆਂ ਦੀਵਾਰਾਂ ਵਿਚ ਕੈਦ ਰਹਿਣਾ

ਚਾਰ ਰੋਟੀਆਂ ਲਈ ਸਾਰੀ ਉਮਰ

ਕੈਦੀਆਂ ਵਾਂਗ ਸੋਚਣਾ

ਕੈਦੀਆਂ ਵਾਂਗ ਬਹਿਣਾ। "[24]

ਭਾਸ਼ਾ ਕਿਸੇ ਵੀ ਕਾਵਿ-ਸਿਰਜਣਾ ਦਾ ਮੁੱਢਲਾ ਬਿੰਦੂ ਹੈ। "ਕਵੀ ਨੇ ਆਪਣੀ ਕਾਬਲੀਅਤ ਤੇ ਸੰਜੀਦਗੀ ਦਾ ਅਨੁਸਾਰੀ ਹੋ ਭਾਸ਼ਾਈ ਬਿੰਬ ਸਿਰਜਣੇ ਹੁੰਦੇ ਹਨ।ਇਹੀ ਅਲੰਕਾਰਕ ਭਾਸ਼ਾ ਕਵਿਤਾ ਦਾ ਅਹਿਮ ਪ੍ਰਭਾਵ ਸਥਾਪਿਤ ਕਰਦੀ

ਹੈ।ਜੀਵਨ ਯਥਾਰਥ ਦੇ ਛਿਣਾਂ ਨੂੰ ਕਵਿਤਾ ਰਾਹੀਂ ਉਭਾਰਨਾ ਹੀ ਕਵੀ ਦੀ ਕਾਬਲਿਅਤ ਹੈ।"[25] ਇਸ ਪੂੰਜੀਵਾਦੀ ਯੁੱਗ ਵਿਚ ਮਨੁੱਖ ਦੀ ਮਾਨਸਿਕਤਾ ਭੌਤਿਕ ਪਦਾਰਥਾਂ ਦੀ ਦਾਸੀ ਬਣ ਕੇ ਰਹਿ ਗਈ ਹੈ।ਮਨੁੱਖ ਆਪਣੇ ਆਪ ਤੋਂ ਦੂਰ ਹੋ ਗਿਆ ਹੈ।ਉਹ ਭੌਤਿਕ ਪਦਾਰਥਾਂ ਦੀ ਚਾਹ ਵਿਚ ਆਪਣੇ ਰਿਸ਼ਤੇ ਨਾਤੇ, ਕਦਰਾਂ-ਕੀਮਤਾਂ, ਮੋਹ ਪਿਆਰ ਸਭ ਕੁਝ ਭੁਲਦਾ ਜਾ ਰਿਹਾ ਹੈ। ਮਨੁੱਖ ਆਪਣੇ ਭਾਈਚਾਰੇ ਨੂੰ ਭੁਲ ਕੇ ਇਕਲਤਾ ਦੇ ਰਾਹ ਤੁਰ ਪਿਆ ਹੈ। ਕੌਂਕੇ ਅਜਿਹੇ ਮਨੁੱਖ ਦੀ ਦਾਸਤਾਨ ਨੂੰ ਆਪਣੀਆਂ ਕਵਿਤਾਵਾਂ ਵਿਚ ਬੜੇ ਹੀ ਸੁੰਦਰ ਢੰਗ ਨਾਲ ਪੇਸ਼ ਕਰਦਾ ਹੈ। ਕਵੀ ਅਜਿਹੇ ਮਨੁੱਖ ਨੂੰ ਘੋੜੇ ਦੇ ਚਿੰਨ੍ਹ ਰਾਹੀਂ ਦਰਸਾ ਕੇ ਪੇਸ਼ ਕਰਦਾ ਹੈ।

"ਮੈਂ ਰੇਸ ਦਾ ਘੋੜਾ ਹਾਂ

ਮੇਰੇ ਤੇ ਹਰ ਕਿਸੇ ਨੇ ਦਾਅ ਲਾਇਆ

ਆਪਣਾ ਆਪਣਾ ਦਾਅ ਲਾਇਆ ਹੈ..।"[26]

ਕਵੀ ਇਸ ਆਧੁਨਿਕ ਸਮੇਂ ਦੀ ਵਿਡੰਬਨਾ ਤੋਂ ਬੇਚੈਨ ਹੈ ਕਿਉਂਕਿ ਇਸ ਦੀ ਲਪੇਟ ਵਿਚ ਪੁਰਖਾਂ ਦੀ ਵਿਰਾਸਤ ਖੁਰ ਰਹੀ ਹੈ। ਗਲੋਬਲੀ ਯੁੱਗ ਦੀ ਚਕਾਚੌਂਧ ਨੇ ਆਰਥਿਕ ਵਿਕਾਸ ਦੇ ਨਾਂ ਉਤੇ ਪਰੰਪਰਕ ਵਿਰਾਸਤ ਤਬਾਹ ਕਰ ਦਿੱਤੀ ਹੈ।"ਅਜ ਦੇ ਵਸਤੂਵਾਦੀ ਦੋਰ ਵਿਚ ਹਰ ਸ਼ੈਅ ਵਿਕਾਊ ਹੈ। ਉਦਯੋਗੀਕਰਨ ਦੇ ਆਉਣ ਨਾਲ ਪਿੰਡ ਦਾ ਵਿਕਣਾ ਭਾਵੇਂ ਕੋਈ ਅਲੋਕਾਰੀ ਗੱਲ ਨਹੀਂ ਹੈ, ਪਰ ਪਿੰਡ ਦੇ ਵਿਕਣ ਨਾਲ ਇਕ ਸੰਵੇਦਨਸ਼ੀਲ ਮਨੁੱਖ ਅੰਦਰ ਜੋ ਹਲਚਲ ਮਚਦੀ ਹੈ ਉਹ ਲਾਜਮੀ ਤੋਰ ਤੇ ਇਕ ਗੰਭੀਰ ਮਸਲਾ ਹੈ। ਪਿੰਡ ਦੀ ਹੋਂਦ ਸਿਮਰਤੀਆਂ ਵਿਚ ਤਬਦੀਲ ਹੋ ਜਾਂਦੀ ਹੈ। ਅਜਿਹੀਆਂ ਸਿਮਰਤੀਆਂ ਦੀ ਲਾਲਟੈਣ ਬਣ ਜਾਂਦੀਆਂ ਹਨ। ਲਾਲਟੈਣ ਦੇ ਚਾਨਣ ਰਾਹੀਂ ਆਪਣੇ ਦੁਆਲੇ ਫੈਲੇ ਹਨੇਰੇ ਨੂੰ ਚੀਰਦੇ ਹੋਏ ਅਗੇ ਵਧਣਾ ਹੀ ਕਵੀ ਦੀ ਕਾਵਿ ਕਲਪਣਾ ਉਡਾਰੀ ਦਾ ਕਮਾਲ ਹੈ ਜਿਸ ਰਾਹੀਂ ਕਵਿਤਾ ਵਿਸ਼ਾਲ ਅਰਥਾਂ ਦੀ ਧਾਰਨੀ ਬਣ ਜਾਂਦੀ ਹੈ।

"ਪਿੰਡ ਨਹੀਂ ਵਿਕ ਰਿਹਾ

ਪਿੰਡ ਦੇ ਬਹਾਨੇ ਮਰੇ ਪੁਰਖ ਵਿਕ ਰਹੇ ਹਨ

ਪੁਰਖਿਆਂ ਦੇ ਬਹਾਨੇ ਮੇਰੇ ਸੰਸਕਾਰ ਵਿਕ ਰਹੇ ਹਨ।"[27]

## ਹਵਾਲੇ ਅਤੇ ਟਿੱਪਣੀਆਂ

1. ਸੁਖਵਿੰਦਰ ਸਿੰਘ, ਸਾਹਿਤ ਭਾਸ਼ਾ ਅਤੇ ਭਾਸ਼ਾ ਵਿਗਿਆਨ, ਪੰਨਾ-19.
2. ਉਹੀ
3. ਗੁਰਸ਼ਰਨ ਕੌਰ ਜੱਗੀ, ਭਾਰਤੀ ਕਾਵਿ ਸ਼ਾਸਤ੍ਰ ਸਰੂਪ ਤੇ ਸਿਧਾਂਤ, ਪੰਨਾ-1.
4. ਉਹੀ
5. ਰੋਸ਼ਨ ਲਾਲ ਅਹੂਜਾ, ਸਾਹਿਤ ਸ਼ਾਸ਼ਤਰ, ਪੰਨਾ -1.
6. ਉਹੀ
7. ਗੁਰਜੰਟ ਸਿੰਘ, ਮਨੋਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ, ਪੰਨਾ 75
8. ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸ਼ਤਰ, ਪੰਨਾ-8.
9. ਸੋਨੀਆ, ਆਧੁਨਿਕ ਪੰਜਾਬੀ ਕਵਿਤਾ, ਪੰਨਾ-2.
10. ਉਹੀ
11. ਉਹੀ
12. ਅੰਮ੍ਰਿਤਪਾਲ ਕੌਰ, ਵੀਹਵੀਂ ਸਦੀ ਦੀ ਪੰਜਾਬੀ ਕਵਿਤਾ, ਪੰਨਾ-15.
13. ਜਸਵਿੰਦਰ ਸਿੰਘ, ਨਵੀ ਪੰਜਾਬੀ ਕਵਿਤਾ ਪਛਾਣ ਚਿੰਨ੍ਹ, ਪੰਨਾ-46.
14. ਉਹੀ
15. ਸੋਨੀਆ, ਆਧੁਨਿਕ ਪੰਜਾਬੀ ਕਵਿਤਾ, ਪੰਨਾ-4.
16. ਉਹੀ
17. ਪ੍ਰੇਮ ਪ੍ਰਕਾਸ਼ ਸਿੰਘ, ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ-17.
18. ਸੁਖਵਿੰਦਰ ਸਿੰਘ, ਸਾਹਿਤ ਭਾਸ਼ਾ ਅਤੇ ਭਾਸ਼ਾ ਵਿਗਿਆਨ, ਪੰਨਾ-19.
19. ਭੁਪਿੰਦਰ ਕੌਰ, ਅਮਰਜੀਤ ਕੌਂਕੇ-ਕਾਵਿ:ਪੰਧ ਤੇ ਪ੍ਰਬੰਧ, ਪੰਨਾ-21.
20. ਲਖਵਿੰਦਰਜੀਤ, ਅਮਰਜੀਤ ਕੌਂਕੇ ਦੀ ਕਵਿਤਾ ਦਾ ਕਾਵਿ ਪੈਰਾਡਾਈਮ, ਪੰਨਾ-59.
21. ਉਹੀ
22. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-92.
23. ਉਹੀ

24. ਉਹੀ, ਪੰਨਾ-131.

25. ਅਮਰਜੀਤ ਕੌਂਕੇ ਦੀ ਕਵਿਤਾ ਸਵੈ-ਚਿੰਤਨ ਤੋਂ ਯੁੱਗ ਚੇਤਨਾ ਤੱਕ, ਪੰਨਾ-11.

26. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-50.

27. ਉਹੀ, ਪੰਨਾ-131.

# ਅਧਿਆਇ ਦੂਜਾ

## ਅਮਰਜੀਤ ਕੌਂਕੇ : ਕਾਵਿ ਭਾਸ਼ਾਈ ਬਣਤਰ ਅਤੇ ਅਰਥ ਸੰਚਾਰ

ਭਾਸ਼ਾ ਵਿਗਿਆਨ ਜਾਂ ਭਾਸ਼ਾ ਦੇ ਮਾਪ ਢੰਡਾਂ ਦੇ ਨਿਯਮਾਂ ਦੀ ਉਲੰਘਣਾ ਕਰਕੇ ਕਵਿਤਾ ਦੀ ਰਚਨਾ ਕਰਨਾ ਹੀ ਕਾਵਿ ਭਾਸ਼ਾਈ ਬਣਤਰ ਦਾ ਆਧਾਰ ਹੈ। ਕਵਿਤਾ ਅਤੇ ਉਸ ਵਿਚਲੀ ਭਾਸ਼ਾ ਦਾ ਅਨਿਖੜਵਾਂ ਸੰਬੰਧ ਹੈ। ਕਵਿਤਾ ਇਕ ਸ਼ਾਬਦਿਕ ਕਲਾ ਹੈ। ਇਹ ਭਾਵੇਂ ਛੰਦ ਯੁਕਤ ਹੋਵੇ ਭਾਵੇਂ ਛੰਦ ਮੁਕਤ, ਇਸ ਦੀ ਵਿਸ਼ੇਸ਼ਤਾ ਕਵੀ ਦੀ ਭਾਸ਼ਾ ਸਮਰਥਾ ਤੇ ਪੰਕਤੀ ਉਪਰ ਨਿਰਭਰ ਕਰਦੀ ਹੈ, ਜਿਸ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਵਧੇਰੇ ਤੀਬਰਤਾ ਨਾਲ ਪੇਸ਼ ਕਰ ਸਕਦਾ ਹੈ। ਆਮ ਭਾਸ਼ਾ ਕਾਰ ਵਿਹਾਰ, ਤਰਕ ਵਾਲੀ ਆਮ ਸੰਚਾਰ ਕਰਨ ਵਾਲੀ ਅਤੇ ਸੂਚਨਾ ਪ੍ਰਦਾਨ ਕਰਨ ਵਾਲੀ ਹੁੰਦੀ ਹੈ। ਉਥੇ ਕਾਵਿ ਭਾਸ਼ਾ ਆਮ ਭਾਸ਼ਾ ਦਾ ਨਿਖੜਿਆ, ਸਿੰਗਾਰਿਆ ਤੇ ਭਾਵਮਈ ਰੂਪ ਹੁੰਦਾ ਹੈ। “ਕਵਿਤਾ ਵਿਚ ਆਮ ਬੋਲੀ ਦੇ ਲਫ਼ਜਾਂ ਦੀ ਵਰਤੋਂ ਅਜਿਹੇ ਸੁਹਜਮਈ ਤੇ ਕਲਾਮਈ ਢੰਗ ਨਾਲ ਹੁੰਦੀ ਹੈ ਕਿ ਉਨ੍ਹਾਂ ਲਫ਼ਜਾਂ ਦੀ ਲੈਆਤਮਕ ਤੇ ਕਲਾਤਮਕ ਸਜਾਵਟ ਸਾਡੀਆਂ ਕਲਪਨਾਵਾਂ ਤੇ ਅਨੁਭਵਾਂ ਨੂੰ ਪ੍ਰਭਾਵਿਤ ਉਤੇਜਿਤ ਕਰਨ ਦੇ ਸਮੱਰਥ ਹੁੰਦੀ ਹੈ।” [1]

ਕਾਵਿ ਭਾਸ਼ਾ ਦੀ ਬਣਤਰ ਸੰਬੰਧੀ ਵਿਸ਼ਲੇਸ਼ਣ ਕਰਨ ਤੋਂ ਪਹਿਲਾ ਆਮ ਭਾਸ਼ਾ ਬਾਰੇ ਸੰਖੇਪ ਚਰਚਾ ਕਰਨਾ ਜਰੂਰੀ ਹੈ ਕਿਉਂਕਿ ਆਮ ਭਾਸ਼ਾ ਅਤੇ ਕਾਵਿ ਭਾਸ਼ਾ ਦੇ ਤੱਤ ਭਾਵੇਂ ਰਲਦੇ-ਮਿਲਦੇ ਹਨ ਪਰ ਉਨ੍ਹਾਂ ਦੀ ਆਮ ਭਾਸ਼ਾ ਤੇ ਕਾਵਿ ਭਾਸ਼ਾ ਵਰਤੋਂ ਦੀ ਵੱਖਰਤਾ ਨੱਜਰ ਆਉਂਦੀ ਹੈ।ਕਾਵਿ ਭਾਸ਼ਾ ਦਾ ਬੀਜ ਆਮ ਭਾਸ਼ਾ ਦੀ ਧਰਤੀ ਵਿਚੋਂ ਹੀ ਪੁੰਗਰਦਾ ਹੈ, ਪਰ ਫਿਰ ਵੀ ਦੋਹਾਂ ਵਿਚ ਵੱਖਰਤਾ ਹੈ। ਭਾਸ਼ਾ ਦੀ ਸੰਰਚਨਾ ਜਲਿਟ ਹੁੰਦੀ ਹੈ। ਆਮ ਭਾਸ਼ਾ ਦਾ ਉੱਤਮ, ਭਾਵਮਈ, ਬੋਧਿਕ ਰੂਪ ਹੀ ਕਾਵਿ ਭਾਸ਼ਾ ਦੇ ਸਥਾਨ ਲਈ ਅਧਿਕਾਰੀ ਹੁੰਦਾ ਹੈ। ਕਾਵਿ ਭਾਸ਼ਾ ਦੀ ਸ਼ਬਦਾਵਲੀ, ਵਿਆਕਰਨ, ਕਲਾ ਆਦਿ ਆਮ ਭਾਸ਼ਾ ਦੇ ਅਨੁਸਾਰ ਹੀ ਹੁੰਦਾ ਹੈ, ਪਰ ਉਸ ਦੀ ਵਰਤੋਂ ਉਸ ਵਿਚ ਨਵੇਂ ਅਰਥ, ਮਧੁਰਤਾ, ਲੈਆਤਮਕਤਾ, ਸੁੰਦਰਤਾ ਆਦਿ ਕਵੀ ਆਪਣੀ ਯੋਗਤਾ ਅਤੇ ਅਭਿਵਿਅਕਤੀ ਅਨੁਸਾਰ ਹੀ ਕਰਦੇ ਹਨ। ਮਨੁੱਖੀ ਭਾਸ਼ਾ ਵਿਭਿੰਨ ਵਾਕਾਂ ਨਾਲ ਸਿਰਜਿਤ ਹੁੰਦੀ ਹੈ। ਸ਼ਬਦ ਭਾਸ਼ਾਈ ਧੁਨੀਆਂ ਦੇ ਮੇਲ-ਜੋੜ ਤੋਂ ਹੀ ਬਣਦੇ ਹਨ ਜੋ ਕਿ ਖ਼ਾਸ ਭਾਸ਼ਾਈ ਨਿਯਮਾਂ ਅਨੁਸਾਰ ਹੀ ਪੁਰੇ ਹੁੰਦੇ ਹਨ। ਉਨ੍ਹਾਂ ਦੀ ਕੋਈਂ ਵੀ ਆਪਹੁਦਰੀ ਤਰਤੀਬ ਨਹੀਂ ਹੁੰਦੀ ਹੈ। ਵਾਕ ਸੰਰਚਨਾ ਵਿਚ ਸ਼ਬਦਾਂ ਦੀ ਤਰਤੀਬ ਨਿਯਮਤ ਤਰੀਕੇ ਅਨੁਸਾਰ ਹੁੰਦੀ ਹੈ। ਵਾਕ ਸੰਰਚਨਾ ਵਿਚ ਸ਼ਬਦਾਂ ਦੀ ਇਸ ਨਿਯਮਤ ਤਰਤੀਬ ਨੂੰ ਬੇਨਿਯਮਤ ਤਰਤੀਬ ਵਿਚ ਪੇਸ਼ ਕਰਕੇ ਨਵੇਂ ਚਿਹਨ ਪ੍ਰਬੰਧ ਸਿਰਜਣ ਦੇ ਅਨੋਖੇ ਤੇ ਅਦਭੂਤ ਕਾਰਜ ਕਾਵਿ ਭਾਸ਼ਾ ਕਰਦੀ ਹੈ ਬੇਸ਼ਕ ਇਹ ਬੇਤਰਤੀਬ ਨੂੰ ਵੀ ਇਕ ਨਿਯਮ ਦੇ ਅੰਤਰਗਤ ਕੀਤਾ ਜਾਂਦਾ ਹੈ ਤਾਂ ਕਿ ਕਾਵਿ ਅਰਥਾਂ ਜਾਂ ਕਾਵਿ ਸੰਚਾਰ ਦੀ ਅਹਿਮੀਅਤ ਵੱਧ ਸਕੇ।

**ਕਾਵਿ ਭਾਸ਼ਾਈ ਬਣਤਰ ਦੀਆ ਕਿਸਮਾਂ-** ਕਾਵਿ ਭਾਸ਼ਾਈ ਬਣਤਰ ਦੀਆਂ ਕਿਸਮਾਂ ਹੇਠ ਲਿਖੇ ਅਨੁਸਾਰ ਹਨ ਜਿਨ੍ਹਾਂ ਦੀ ਚਰਚਾ ਕਰਨਾ ਵਧੇਰੇ ਜਰੂਰੀ ਹੈ।

1. ਰੂਪਾਤਮਿਕਤਾ 2. ਪਰਾਹਨ

1. **ਰੂਪਾਤਮਿਕਤਾ:-** "ਕਿਸੇ ਵੀ ਪਾਠ ਦਾ ਦ੍ਰਿਸ਼ਟੀ ਪਧੱਰ ਤੇ ਦਿਖਾਈ ਦਿੰਦਾ ਸੰਰਚਨਾਤਮਕ ਮੁਹਾਂਦਰਾ ਜਿਨ੍ਹਾਂ ਭਾਸ਼ਾਈ ਤੱਤਾਂ ਦਾ ਜੋੜ ਫਲ ਹੁੰਦਾ ਹੈ। ਉਨ੍ਹਾਂ ਤੱਤਾਂ (ਸ਼ਬਦਾਂ) ਦੀ ਲਕੀਰੀ ਲੜੀਕਾਰਤਾ ਪਾਠ ਦੀ ਰੂਪਾਤਮਿਕਤਾ ਕਹਿਲਾਉਂਦੀ ਹੈ"[2] ਇਸ ਰੂਪਾਤਮਿਕਤਾ ਨੂੰ ਪਾਠ ਵਿਚਲੇ ਵਿਆਕਰਨਕ ਸੰਬੰਧਾਂ ਤੇ ਸ਼ਬਦ ਵਰਤੋਂ ਦੇ ਸੰਦਰਭ ਵਿਚ ਪਛਾਣਿਆਂ ਜਾ ਸਕਦਾ ਹੈ। "ਰੂਪ (ਰੂਪਾਤਮਿਕਤਾ) ਦੇ ਅੰਤਰਗਤ ਕਾਵਿ ਕਿਰਤ (ਪਾਠ) ਦੀ ਬਨਾਵਟ , ਅਵਸਥਾ, ਦਸਾ ਜਾਂ ਸੰਗਠਨ ਆਦਿ ਨਾਲ ਸੰਬੰਧਿਤ ਸਾਰੀਆ ਰਚਨਾਤਮਕ ਵਿਸ਼ੇਸ਼ਤਾਵਾਂ ਆ ਜਾਂਦੀਆਂ ਹਨ। ਵਿਸ਼ੇ ਵਸਤੂ ਦੀ ਏਕਤਾ, ਸੰਯੋਜਨ, ਅਭਿਵਿਅੰਜਨ ਜਾਂ ਪ੍ਰਸਤੁਤ ਕਰਨ ਦੇ ਢੰਗ ਨੂੰ ਹੀ 'ਰੂਪ' ਕਿਹਾ ਜਾਂਦਾ ਹੈ।"[3]

ਕਿਸੇ ਵੀ ਕਲਾ ਕਿਰਤ ਵਿਚ ਵਸਤੂ ਪੂਰੀ ਤਰ੍ਹਾਂ ਰੂਪ ਵਿਚ ਸਮਾਈ ਹੁੰਦੀ ਹੈ। ਰੂਪ ਵਸਤੂ ਸੰਗਠਨ ਦਾ ਇਕ ਸਾਧਨ ਹੈ।ਰੂਪ ਦੇ ਕਈ ਅੰਗ ਹੁੰਦੇ ਹਨ, ਜਿਵੇ, ਬਿੰਬ ਪ੍ਰਤੀਕ, ਚਿੰਨ, ਅੰਲਕਾਰ, ਵਾਕ ਬਣਤਰ, ਛੰਦ, ਸ਼ੈਲੀ ਆਦਿ। ਰੂਪ ਸ਼ਬਦ ਦਾ ਅਰਥ ਖੇਤਰ ਬਹੁਤ ਵਿਸ਼ਾਲ ਹੈ ਕਿ ਇਹ ਸਾਰੇ ਅੰਗ ਇਸ ਵਿਚ ਸਮਾ ਜਾਂਦੇ ਹਨ। ਕਾਵਿ ਦੀ ਸੰਰਚਨਾ ਵਿਚ ਇਹ ਸਾਰੇ ਅੰਗ ਕਾਵਿ ਦੀ ਬਣਤਰ ਨਾਲ ਸੰਬੰਧਿਤ ਹੁੰਦੇ ਹਨ। ਬਣਤਰ ਕਵਿਤਾ ਦੇ ਰੂਪ ਨੂੰ ਪ੍ਰਭਾਵਿਤ ਕਰਦੀ ਹੈ। ਕਿਸੇ ਪਾਠ ਦੀ ਰੂਪਾਤਮਿਕਤਾ ਉਸ ਦੀ ਵਿਆਕਰਨ ਤੇ ਸ਼ਾਬਦਿਕ ਜੁਗਤ ਵਿਚ ਪਛਾਣੀ ਜਾ ਸਕਦੀ ਹੈ। ਸ਼ਾਬਦਿਕ ਜੁਗਤਾਂ ਵਿਚ ਸ਼ਾਬਦਿਕ ਦੁਹਰਾਉ, ਸ਼ਬਦ ਅਲੋਪ, ਸ਼ਾਬਦਿਕ ਅਦਲਾ-ਬਦਲੀ ਸ਼ਬਦ, ਸੰਕੇਤਕ ਮੂਲਕ ਸ਼ਾਬਦਿਕ ਸ਼ੰਬੰਧ ਆਉਂਦੇ ਹਨ।

2. **ਪਰਾਹਨ:-** ਭਾਸ਼ਾ ਦੇ ਪ੍ਰਤਿਮਾਨਕ ਰੂਪ ਨੂੰ ਤੋੜ ਕੇ ਨਵੇਂ ਭਾਸ਼ਾ ਰੂਪਾਂ ਦੀ ਸਿਰਜਣਾ ਕਰਨਾ ਪਰਾਹਨ ਹੈ। ਪਰਾਹਨ ਦੇ ਆਪਣੇ ਕੁੱਝ ਨਿਯਮ ਹੁੰਦੇ ਹਨ। ਇਹ ਦੋ ਦਿਸ਼ਾਵਾਂ ਵਿਚ ਉਪਸਥਿਤ ਹੁੰਦਾ ਹੈ। ਪਹਿਲੀ ਦਿਸ਼ਾ ਵਿਆਕਰਨ ਦੀ ਹੈ ਜਿਸ ਵਿਚ ਧੁਨੀ ਸ਼ਬਦ ਵਾਕ ਦੀ ਪਧੱਰ ਤੇ ਪਰਾਹਨ ਸਾਕਾਰ ਹੁੰਦਾ ਹੈ। ਦੂਜੀ ਦਿਸ਼ਾ ਭਾਸ਼ਾ ਦੀ ਪ੍ਰਵਾਨਗੀ ਤੇ ਅਪ੍ਰਵਾਨਗੀ ਦੀ ਹੈ ਜੋ ਕਿ ਅਰਥ ਦੇ ਪਧੱਰ ਤੇ ਪਰਾਹਨ ਨੂੰ ਸਾਕਾਰ ਕਰਦੀ ਹੈ। ਹਰ ਭਾਸ਼ਾ ਦਾ ਵਿਆਕਰਨ ਭਾਸ਼ਾ ਦੇ ਪ੍ਰਤਿਮਾਨ ਨੂੰ ਨਿਸ਼ਚਿਤ ਕਰਦਾ ਹੈ ਤੇ ਹਰ ਸਾਹਿਤਕਾਰ ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਪ੍ਰਤਿਮਾਨ ਤੋਂ ਵੱਖਰਤਾ ਸਥਾਪਿਤ ਕਰਦਾ ਹੈ।

## ਕਾਵਿ ਭਾਸ਼ਾ ਬਣਤਰ

ਪਰਾਹਨ 'ਜੈਫਰੀ ਲੀਚ' ਨੇ ਆਪਣੇ ਮਾਡਲ ਵਿਚ ਅੱਠ ਕਿਸਮ ਦੇ ਪਰਾਹਨ ਦਾ ਵਰਨਣ ਕੀਤਾ ਹੈ। ਇਹ ਮਾਡਲ ਅੰਗਰੇਜ਼ੀ ਕਵਿਤਾ ਉੱਪਰ ਆਧਾਰਿਤ ਹੈ। ਇਸ ਮਾਡਲ ਦੀਆਂ ਸਾਰੀਆਂ ਕਿਸਮਾਂ ਵਿਵਹਾਰਿਕ ਤੋਰ ਤੇ ਪੰਜਾਬੀ ਕਾਵਿ ਉੱਪਰ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ ਹਨ ਪਰ ਫਿਰ ਵੀ ਇਸੇ ਮਾਡਲ ਦੇ ਆਧਾਰ ਤੇ ਕੁਝ (ਮਹੱਤਵਪੁਰਨ)ਵਿਸ਼ੇਸ਼ ਕਾਵਿ ਭਾਸ਼ਾਈ ਬਣਤਰ ਦੇ ਨਿਯਮਾਂ ਅਤੇ ਜੁਗਤਾਂ ਦੀ ਪਛਾਣ ਕੀਤੀ ਜਾ ਸਕਦੀ ਹੈ।

ਜ਼ੈਫਰੀ ਲੀਚ ਦੇ ਮਾਡਲ ਦੀਆਂ ਕਿਸਮਾਂ ਹੇਠ ਲਿਖੇ ਅਨੁਸਾਰ ਹਨ।

1. ਧੁਨੀਮੁਲਕ ਪਰਾਹਨ
2. ਸ਼ਾਬਦਿਕ ਪਰਾਹਨ
3. ਵਿਆਕਰਨਕ ਪਰਾਹਨ
4. ਵਾਕ ਮੂਲਕ ਪਰਾਹਨ
5. ਲਿਪੀ ਮੂਲਕ ਪਰਾਹਨ
6. ਉਪਭਾਸ਼ਾਈ ਪਰਾਹਨ
7. ਰਜਿਸ਼ਟਰ ਪਰਾਹਨ
8. ਇਤਿਹਾਸਕ ਕਾਲ ਦਾ ਪਰਾਹਨ।

1) **ਧੁਨੀਮੂਲਕ ਪਰਾਹਨ:-** ਜਦੋਂ ਕੋਈ ਵੀ ਭਾਸ਼ਾ ਆਮ ਭਾਸ਼ਾ ਦੇ ਮਾਪ ਦੰਡਾਂ ਦੀ ਕਸ਼ੋਟੀ ਤੇ ਪੂਰੀ ਨਹੀਂ ਉਤਰਦੀ ਜਾਂ ਸਾਰਥਕ ਇਕਾਈ ਵਿਚ ਨਹੀਂ ਰਹਿੰਦੀ ਤਾਂ ਭਾਸ਼ਾ ਧੁਨੀ ਦੇ ਅਜਿਹੇ ਰੂਪ ਨੂੰ ਧੁਨੀਮੂਲਕ ਪਰਾਹਨ ਕਿਹਾ ਜਾਂਦਾ ਹੈ। ਧੁਨੀਮੂਲਕ ਪਰਾਹਨ ਤਿੰਨ ਪ੍ਰਕਾਰ ਦੇ ਹੁੰਦੇ ਹਨ। ਧੁਨੀਮੂਲਕ ਪਰਾਹਨ ਦੇ ਇਸ ਸਿਧਾਂਤ ਨੂੰ ਅਸੀਂ ਪੰਜਾਬੀ ਕਾਵਿ ਉੱਪਰ ਲਾਗੂ ਕਰ ਸਕਦੇ ਹਾਂ। ਅਮਰਜੀਤ ਕੌਂਕੇ ਕਾਵਿ ਵਿਚ ਧੁਨੀਮੂਲਕ ਪਰਾਹਨ ਦੀਆਂ ਉਦਾਹਰਨਾਂ ਦਾ ਵਰਨਣ ਇਸ ਪ੍ਰਕਾਰ ਹੈ।

1) ਵਰਨ ਲੋਪ- (ੳ) ਆਦਿ-ਵਰਨ ਲੋਪ

(ਅ) ਮੱਧ ਵਰਨ ਲੋਪ

(ੲ) ਅੰਤ ਵਰਨ ਲੋਪ

(ੳ) ਆਦਿ ਵਰਨ ਲੋਪ:- ਜਿਥੇ ਸ਼ਬਦ ਦਾ ਮੁਢਲਾ ਵਰਨ ਲੋਪ ਹੋਵੇ ਉਥੇ ਇਹ ਧੁਨੀਮੂਲਕ ਪਰਾਹਨ ਸਾਕਾਰ ਹੁੰਦਾ ਹੈ।ਜਿਵੇ:-

" ਮੇਰੇ ਨੈਣਾਂ 'ਚ
ਤੇਰਾ ਮੁਸਕਰਾਉਂਦਾ ਚਿਹਰਾ ਆਉਂਦਾ"[4]

" ਹਜ਼ਾਰ ਟੁਕੜਿਆ 'ਚ ਵੰਡਿਆ
ਖਿਲਰਿਆ
ਖੁਦ ਬ੍ਰਹਿਮੰਡ 'ਚ ਖਿੰਡੇ
ਆਪਣੇ ਟੁਕੜੇ
ਚੁਕਣ ਦੀ ਕੋਸ਼ਿਸ਼ ਕਰ ਰਿਹਾ ਹਾਂ"[5]

- "ਬੱਚੇ ਵੀਡਿਓ ਗੇਮਾਂ 'ਚ ਉਲਝੇ
ਔਰਤਾਂ ਬਿਊਟੀ ਪਾਲਰਾਂ 'ਚ"[6]

- "ਧਰਤੀ 'ਤੇ ਮੇਲ੍ਹਦਾ
ਕੁਝ ਦੇਰ ਤੜਪਦਾ"[7]

- "ਤਲੀਆਂ 'ਚੋਂ ਬੂੰਦ-ਬੂੰਦ ਬਣ ਕੇ
ਕਿਰ ਗਈ ਉਹ"[8]

- "ਅੰਦਰ ਝਾਕ ਕੇ ਦੇਖਾਂ
ਤਾਂ ਕੋਹਾਂ ਤੀਕ ਨੇਰ੍ਹਾ ਹੈ.."[9]

ਉਪਰੋਕਤ ਕਾਵਿ ਸਤਰਾਂ ਵਿਚ ਆਦਿ ਵਰਨ ਲੋਪ ਦੀ ਝਲਕ ਵਧੇਰੇ ਸਪਸ਼ਟ ਦੇਖਣ ਨੂੰ ਮਿਲਦੀ ਹੈ।ਪਹਿਲੀ ਤੇ ਦੂਜੇ ਕਾਵਿ ਵਿਚ ਆਰੰਭਿਕ ਵਰਨ 'ਵਿ' (ਵਿਚ) ਨੂੰ ਅਲੋਪ ਕਰਕੇ 'ਚ ਦੀ ਵਰਤੋਂ ਕੀਤੀ ਗਈ ਹੈ।ਤੀਜੇ ਕਾਵਿ ਟੋਟੇ ਵਿਚ 'ਉਤੇ' ਸ਼ਬਦ ਦੇ ਪਹਿਲੇ ਵਰਨ 'ਉ' ਨੂੰ ਲੋਪ ਕਰਕੇ 'ਤੇ ਦੀ ਵਰਤੋਂ ਕੀਤੀ ਹੈ। ਇਸੇ ਤਰ੍ਹਾਂ ਅਗਲੀ ਕਾਵਿ ਟੁਕੜੀ

ਵਿਚ 'ਵਿ' (ਵਿਚੋਂ) ਸ਼ਬਦ ਵਿਚ 'ਵਿ' ਨੂੰ ਲੋਪ ਕਰਕੇ 'ਚੋਂ ਦੀ ਵਰਤੋਂ ਕੀਤੀ ਹੈ ਅਤੇ ਅੰਤਲੀ ਕਾਵਿ ਟੁਕੜੀ ਵਿਚ 'ਹਨ੍ਹੇਰਾ' ਸ਼ਬਦ ਵਿਚੋਂ 'ਹ' ਸ਼ਬਦ ਨੂੰ ਅਲੋਪ ਕਰਕੇ 'ਨ੍ਹੇਰਾ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ।

(ਅ) ਮੱਧ ਵਰਨ ਲੋਪ:-ਜਦੋਂ ਕਿਸੇ ਕਾਵਿ ਸਤਰ ਵਿਚ ਪ੍ਰਯੋਗ ਕੀਤੇ ਗਏ ਸ਼ਬਦਾਂ ਵਿਚੋਂ ਇਕ ਜਾਂ ਦੋ ਸ਼ਬਦਾਂ ਦੇ ਵਿਚਕਾਰਲੇ ਜਾਂ ਮੱਧ ਵਾਲੇ ਵਰਨ ਨੂੰ ਲੁਪਤ ਕੀਤਾ ਜਾਂਦਾ ਹੈ ਤਾਂ ਉਹ ਮੱਧ ਵਰਨ ਲੋਪ ਧੁਨੀਮੂਲਕ ਪਰਾਹਨ ਹੁੰਦਾ ਹੈ।ਜਿਵੇਂ:-

"ਉਸਦੇ ਸਾਮਣੇ
ਪਾਣੀ ਦਾ ਇਕ ਛੋਟਾ ਜਿਹਾ,
ਕਤਰ੍ਹਾਂ ਬਣ ਜਾਂਦਾ"[10]

(ੲ) ਅੰਤ ਵਰਨ ਲੋਪ:- ਜਦੋਂ ਕਿਸੇ ਕਾਵਿ ਸਤਰ ਵਿਚ ਅੰਤ ਵਰਨ ਲੋਪ ਕੀਤਾ ਗਿਆ ਹੋਵੇ ਤਾਂ ਉਹ ਅੰਤ ਵਰਨ ਲੋਪ ਧੁਨੀਮੂਲਕ ਪਰਾਹਨ ਹੁੰਦਾ ਹੈ।ਜਿਵੇਂ:-

" ਬਿਨਾਂ ਵਜ੍ਹਾ ਹੀ ਕੋਈ
ਸਿਆਪਾ ਪੈ ਨਾ ਜਾਵੇ"[11]

(ਸ) ਵਚਨ ਲੋਪ:- ਜਦੋਂ ਕਿਸੇ ਕਵਿਤਾ ਦੀ ਸਤਰ ਦੇ ਵਿਚਕਾਰ ਜਾਂ ਅੰਤ ਉੱਪਰ ਖਾਲੀ ਥਾਂ ਚੁੱਪੀ, ਹੋਵੇ ਭਾਵ ਇਕ, ਦੋ ਜਾਂ ਦੋ ਤੋ ਵੱਧ ਸਤਰਾਂ ਲੁਪਤ ਹੋਣ ਜਾਂ ਕੁਝ ਸ਼ਬਦ ਲੁਪਤ ਹੋਣ ਉਹ ਵਰਨ ਲੋਪ ਧੁਨੀਮੂਲਕ ਪਰਾਹਨ ਹੁੰਦਾ ਹੈ।

- " ਹੌਲੀ ਹੌਲੀ ਆਕਾਸ਼
ਪਿਆਸੀ ਧਰਤੀ
ਧੁਰ ਤੱਕ ਰੱਜ ਜਾਂਦੀ......"[12]

- "ਮਾਂ ਦੀਆਂ ਸੁੱਕ ਰਹੀਆਂ ਤਲੀਆਂ ਤੇ
ਕੁਝ ਕੁ ਸਿੱਕੇ ਟਿਕਾਵਾਂ
ਤੇ ਵਾਪਸ ਆਪਣੇ ਸ਼ਹਿਰ
ਪਰਤ ਆਵਾਂ......"[13]

- “ਕੁਝ ਵੀ ਨਹੀਂ ਭਰ ਸਕਿਆ

ਇਸ ਅੰਨ੍ਹੇ ਖੂਹ ਦਾ ਖ਼ਿਲਾਅ...”[14]

- “ਹੋਲੀ-ਹੋਲੀ ਸਭ ਨੂੰ ਮਨਾਂ ਲੈਣਾਂ......”[15]

**2. ਸ਼ਬਦਮੂਲਕ ਪਰਾਹਨ:-**

ਸ਼ਬਦ ਦੇ ਪਧੱਰ ਤੇ ਸਾਕਾਰ ਹੋਣ ਵਾਲੇ ਪਰਾਹਨ ਨੂੰ ਸ਼ਬਦਮੂਲਕ ਪਰਾਹਨ ਕਿਹਾ ਜਾਂਦਾ ਹੈ। ਕਾਵਿ ਵਿਚ ਸ਼ਾਬਦਿਕ ਪਰਾਹਨ ਦੇ ਸਭ ਤੋਂ ਵੱਧ ਨਮੂਨੇ ਸ਼ਬਦਾਂ ਦੇ ਨਵ-ਨਿਰਮਾਣ ਵਿਚ ਮਿਲਦੇ ਹਨ। ਨਵੇਂ ਸ਼ਬਦਾਂ ਦੀ ਸਿਰਜਣਾ ਕਰਨ ਵੇਲੇ ਰਸਮੀ ਕਿਰਿਆ ਦੀ ਵਰਤੋਂ ਨਹੀਂ ਕੀਤੀ ਜਾਂਦੀ ਸਗੋਂ ਬਹੁਤ ਹੀ ਸਾਧਾਰਨ ਨਿਯਮਾਂ ਵਧੇਤਰ ਤੇ ਸਮਾਸ ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਬਦਾਂ ਦੇ ਨਵ-ਨਿਰਮਾਣ ਕਰਨ ਵਿਚ ਮੈਟਾਫਰ ਅਤੇ ਲੈਅ ਦੀ ਵੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਕਈ ਵਾਰ ਅਜਿਹਾ ਹੁੰਦਾ ਹੈ ਕਿ ਸ਼ਬਦ ਨਵਾਂ ਨਹੀਂ ਹੁੰਦਾ ਹੈ ਪਰ ਵਿਚਾਰ ਦੀ ਪੂਰਤੀ ਕਰਨ ਲਈ ਉਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਭਾਵ ਸ਼ਬਦ ਦਾ ਨਵੇਂ ਢੰਗ ਨਾਲ ਕੀਤਾ ਗਿਆ ਪ੍ਰਯੋਗ ਹੀ ਨਵਾਂ ਪ੍ਰਤੀਤ ਹੁੰਦਾ ਹੈ ਅਤੇ ਆਮ ਭਾਸ਼ਾ ਤੋਂ ਭਿੰਨਤਾ ਪ੍ਰਾਪਤ ਕਰ ਲੈਂਦਾ ਹੈ। ਨਵੀਂ ਸ਼ਬਦਾਵਲੀ ਦੀ ਭਿੰਨਤਾ ਉਹਨਾਂ ਸੰਕਲਪਾਂ ਦੀ ਵਰਤੋਂ ਨਾਲ ਸੰਬੰਧਿਤ ਹੁੰਦੀ ਹੈ ਜਿਸ ਨੂੰ ਉਹ ਪੇਸ਼ ਕਰ ਰਹੇ ਹੁੰਦੇ ਹਨ। ਸ਼ਾਬਦਿਕ ਪਰਾਹਨ ਦੀਆਂ ਅਗੇਤਰ, ਪਿਛੇਤਰ, ਸਮਾਸ, ਤੇ ਮੈਟਾਫਰ ਮੁੱਖ ਤੋਰ ਤੇ ਵਰਣਨਯੋਗ ਹਨ।

ਅਗੇਤਰ:- ਮੂਲ ਸ਼ਬਦ ਦੇ ਅੱਗੇ ਲੱਗਣ ਵਾਲੇ ਸ਼ਬਦ ਨੂੰ ਅਗੇਤਰ ਕਿਹਾ ਜਾਂਦਾ ਹੈ।

ਅਣ:- “ਇਹੀ <u>ਅਣਲਿਖਿਆ</u>

<u>ਅਣਕਿਹਾ</u>/ <u>ਅਣਦੇਖਿਆ</u>

<u>ਅਣਵਗਿਆ</u>

ਇਹੀ ਸਭ ਕੁਝ ਖ਼ੂਬਸੂਰਤ ਹੈ

ਜੋ ਅਜੇ ਨਹੀਂ ਵਾਪਰਿਆ”[16]

- “<u>ਅਣਗਿਣਤ</u> ਮਖੋਏ

ਇਹ ਗੱਲ ਵੀ ਪੁਰਾਣੀ ਹੋ ਗਈ”[17]

- “<u>ਅਣਛੂਹਿਆ</u> ਆਪਣਾ ਹੋਂਠ ਦੇਖਿਆ”[18]

ਪਰ:- "ਵੱਡੇ ਪਰਉਪਕਾਰੀ ਬਣ ਜਾਂਦੇ"[19]

ਬੇ :- "ਤੇਰੀ ਮੁੱਹਬਤ ਹੈ

ਜਾਂ ਘੋੜੇ ਨੇ ਕਈ ਬੇਲਗਾਮ"[20]

ਪਿਛੇਤਰ:- ਮੂਲ ਸ਼ਬਦ ਦੇ ਪਿੱਛੇ ਲੱਗਣ ਵਾਲੇ ਸ਼ਬਦ ਨੂੰ ਪਿਛੇਤਰ ਕਿਹਾ ਜਾਂਦਾ ਹੈ।

ਓਂ:- "ਅੰਦਰੋਂ ਮਨ ਦੇ ਐਨ ਅੰਦਰੋਂ"[21]

ਆਂ:- "ਆਵਾਜਾਂ ਕੰਧਾਂ ਨਾਲ ਟਕਰਾਉਂਦੀਆਂ

ਖੌਫ਼ ਜਗਾਉਦੀਆਂ"[22]

- "ਲੋਕ ਕਰ ਰਹੇ ਨੇ ਲੁੱਟਾਂ ਖੋਹਾਂ"[23]

ੜੀ:- "ਮਾਂ ਜਿਸ ਨੂੰ ਲੋਕ ਠੰਡੜੀ ਛਾਂ ਆਖਦੇ"[24]

ਸਮਾਸ:- ਦੋਂ ਵੱਖ-ਵੱਖ ਸਾਰਥਕ ਸ਼ਬਦਾਂ ਨੂੰ ਜੋੜ ਕੇ ਬਣੇ ਸ਼ਬਦ ਨੂੰ ਸਮਾਸ ਕਿਹਾ ਜਾਂਦਾ ਹੈ।

- "ਪਰ ਸਦਾ ਰਹਿੰਦੀ ਉਹ

ਮੇਰੇ ਨੇੜੇ-ਤੇੜੇ"[25]

- "ਮੈਨੂੰ ਅਜਬ-ਸੰਸਾਰ 'ਚ ਲੈ ਜਾਂਦੀ"[26]
- "ਤਾਂ ਤਹਿਸ ਨਹਿਸ ਕਰ ਸੁਟੀਆਂ

ਆਲਾ-ਦੁਆਲਾ"[27]
- "ਕਿਤੇ ਨਾਮੋ-ਨਿਸ਼ਾਂ

ਵੀ ਨਾ ਹੁੰਦਾ"[28]

- "ਧੁੰਦਲਾ ਰਹੇ ਨੈਣ-ਨਕਸ਼ਾਂ ਨਾਲ"[29]

- "ਆਪਣੇ ਤਿਖ-ਨਕੀਲੇ ਦੰਦੇ

ਬੰਦੇ ਦੀ ਗਰਦਨ ਵਿਚ ਗੱਡਦੇ"[30]

- "ਇਹ ਬੱਚਿਆ-ਖੁੱਚਿਆ

ਅੱਧ-ਪਚੱਦਾ

ਮੁੜਿਆ ਤੁੜਿਆ

ਪਿਆਰ ਨਹੀਂ ਚਾਹੀਦਾ"[31]

ਇਸ ਤਰ੍ਹਾਂ ਉਪਰੋਕਤ ਅਗੇਤਰ, ਪਿਛੇਤਰ ਅਤੇ ਸਮਾਸਾਂ ਦੀ ਵਰਤੋਂ ਕਾਵਿ ਦੀ ਸੁਹਜ-ਸੁੰਦਰਤਾ ਅਤੇ ਕਾਵਿ ਸੰਚਾਰ ਵਿਚ ਵਾਧਾ ਕਰਦੇ ਹਨ ਅਤੇ ਕਾਵਿ ਭਾਸ਼ਾਈ ਅਰਥਾਂ ਨੂੰ ਗਹਿਰਾਈ ਵੀ ਪ੍ਰਦਾਨ ਕਰਦੇ ਹਨ।

**(3) ਵਿਆਕਰਨ ਮੂਲਕ ਪਰਾਹਨ (ਵਿਆਕਰਨਕ ਪਰਾਹਨ)**

ਜੈਫਰੀ ਲੀਚ ਦੇ ਅਨੁਸਾਰ ਵਿਆਕਰਨ ਪਰਾਹਨ ਦੋ ਪ੍ਰਕਾਰ ਦੇ ਹੁੰਦੇ ਹਨ।

(1) ਰੂਪੀਮ (2) ਵਾਕ ਬਣਤਰੀ ਪੱਧਰ।

ਕਵੀ ਸੁਹਜ ਸੰਚਾਰ ਲਈ ਅਜਿਹੇ ਸ਼ਬਦ ਘੜਦਾ ਹੈ ਜੋ ਪਾਠਕਾਂ ਦੇ ਮਨ ਤੱਕ ਸੁਹਜਾਤਮਕਤਾ ਨਾਲ ਸੰਚਾਰ ਕਰਨ ਵਿਚ ਆਪਣੀ ਸਮੱਰਥਾ ਦਾ ਪ੍ਰਗਟਾਵਾ ਕਰਦੇ ਹਨ। ਵਾਕ ਬਣਤਰੀ ਪਰਾਹਨ ਦੋ ਪ੍ਰਕਾਰ ਦੇ ਹੁੰਦੇ ਹਨ- ਸਤਿਹੀ ਸੰਰਚਨਾ ਤੇ ਗਹਿਨ ਸੰਰਚਨਾ। ਵਾਕ ਦਾ ਭਾਵ ਜਾਂ ਅਰਥ ਉਸ ਦੀ ਗਹਿਨ ਸੰਰਚਨਾ ਹੈ, ਵਾਕ ਦੀ ਉਚਾਰਨ ਪ੍ਰਕਿਰਿਆ ਸਹਿਤੀ ਸੰਰਚਨਾ ਹੈ ਜਿਸ ਨੂੰ ਵਾਕ ਦਾ ਧੁਨੀ ਵਿਗਿਆਨਕ ਅੰਤ ਕਿਹਾ ਜਾ ਸਕਦਾ ਹੈ ਅਤੇ ਗਹਿਨ ਸੰਰਚਨਾ ਵਾਕ ਦਾ ਅਰਥਗਤ ਅੰਤ ਹੁੰਦੀ ਹੈ।ਵਿਆਕਰਨ ਪਰਾਹਨ ਸੰਚਾਰ ਪ੍ਰਕਿਰਿਆ ਨੂੰ ਵਿਸਾਲਤਾ, ਗਹਿਰਾਈ ਅਤੇ ਬਹੁ-ਅਰਥਕਤਾ ਪ੍ਰਦਾਨ ਕਰਨ ਲਈ ਪ੍ਰਯੋਗ ਕੀਤਾ ਜਾਂਦਾ ਹੈ।

**ਵਾਕ- ਬਣਤਰੀ ਦੀਆਂ ਉਦਾਹਰਨਾਂ:-**

| ਪਰਾਹਤ ਰੂਪ | ਵਿਆਕਰਨਕ ਰੂਪ |
| --- | --- |
| "ਰਹੀ ਸੀ ਸਵੈਟਰ ਦੇ ਕੁੰਡੇ"[32] | ਸਵੈਟਰ ਦੇ ਕੁੰਡੇ ਪਾ ਰਹੀ ਸੀ। |

ਉਪਰੋਕਤ ਕਾਵਿ ਸਤਰ ਵਿਚ ਵਿਆਕਰਨ ਨਿਯਮਾਂ ਦੀ ਉਲੰਘਣਾ ਕਰਕੇ ਵਾਕ ਬਣਤਰ ਪੱਧਰ ਤੇ ਸਹਿਤੀ- ਸੰਰਚਨਾ ਦਾ ਪ੍ਰਯੋਗ ਕੀਤਾ ਹੈ। ਪਰਾਹਤ ਰੂਪ ਵਿਚ ਦਭਾਵ 'ਸਵੈਟਰ' ਸ਼ਬਦ ਉੱਪਰ ਅਤੇ ਵਿਆਕਰਨ ਰੂਪ ਵਿਚ 'ਕੁੰਡੇ' ਉੱਪਰ ਦਿੱਤਾ ਗਿਆ ਹੈ।ਇਸੇ ਤਰ੍ਹਾਂ ਲੈਅ ਅਤੇ ਦਬਾਅ ਰਾਹੀਂ ਭਾਵਾਂ ਦੀ ਨਵ-ਉਸਾਰੀ ਕੀਤੀ ਗਈ ਹੈ।

- "ਏਨਾ ਹੈ ਮੇਰੇ ਅੰਦਰ ਪਿਆਰ

  ਜਿੰਨੀ ਕਿਸੇ ਜੋਗੀ ਦੀ ਬੀਨ ਅੰਦਰ"[33]

– “ਕਿਉਂ ਮੇਰੇ ਲਈ

ਉਹ ਲੋਕ ਹੀ ਅਜਨਬੀ ਬਣ ਗਏ”[34]

ਉਪਰੋਕਤ ਕਾਵਿ ਤੁੱਕਾਂ ਵਿਚ ‘ਜੋਗੀ ਦੀ ਬੀਨ’ ‘ਅਜਨਬੀ’ ਆਦਿ ਗਹਿਨ ਸੰਰਚਨਾ ਦੀ ਪੱਧਰ ਦਾ ਪਰਾਹਨ ਅਰਥਾਂ ਨੂੰ ਪ੍ਰਭਾਵਿਤ ਕਰਦਾ ਹੈ।

### (4) ਅਰਥ ਮੂਲਕ ਪਰਾਹਨ

ਕਾਵਿ ਵਿਚ ਵਰਤੇ ਗਏ ਸ਼ਬਦਾਂ ਦੇ ਅਰਥ ਬਹੁਤੀ ਵਾਰ ਭਾਸ਼ਾ ਦੇ ਕੋਸ਼ਗਤ ਅਰਥਾਂ ਤੋਂ ਵੱਖਰੇ ਅਰਥਾਂ ਦਾ ਸੰਚਾਰ ਕਰਦੇ ਹਨ। ਇਸ ਨੂੰ ਅਰਥ ਮੂਲਕ ਪਰਾਹਨ ਕਿਹਾ ਜਾਂਦਾ ਹੈ।ਡਬਲਿਊ. ਬੀ. ਕੀਟਸ ਨੇ ਵੀ ਕਿਹਾ ਹੈ ਕਿ “ਹਰ ਮਹਾਨ ਕਵਿਤਾ ਵਿਚ ਇੱਕ ਵਿਵੇਕਹੀਣ ਤੱਤ ਜਰੂਰ ਹੁੰਦਾ ਹੈ ਅਤੇ ਇਸੇ ਤੱਤ ਕਰਕੇ ਹੀ ਕਵਿਤਾ ਨੂੰ ਖਬਤ ਵਾਲੀ ਜਾਂ ਵਿਹਲੜ ਕਿਸਮ ਸੀ ਸਨਕੀ ਕਲਾ ਵੀ ਕਿਹਾ ਗਿਆ ਹੈ।”[35] ਅਰਥ ਮੂਲਕ ਪਰਾਹਨ ਕਵਿਤਾ ਨੂੰ ਅਸਧਾਰਨ ਮਹੱਤਤਾ ਪ੍ਰਦਾਨ ਕਰਦੀ ਹੈ।ਹਰ ਇੱਕ ਸਾਹਿਤਕ ਕਿਰਤ ਦਾ ਆਪਣਾ ਵੱਖਰਾ ਵਿਆਕਰਨ ਹੁੰਦਾ ਹੈ।ਵਿਆਕਰਨ ਅਨੁਸਾਰ ਹੀ ਉਸ ਰਚਨਾ ਦੇ ਅਰਥਾਂ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ।ਕਵੀ ਭਾਸ਼ਾਈ ਅਰਥਾਂ ਤੋਂ ਵੱਖਰੇ, ਕਾਵਿ ਅਰਥ ਸਿਰਜ ਕੇ ਅਰਥ ਦੇ ਪੱਧਰ ਤੇ ਪਰਾਹਨ ਦੀ ਸਿਰਜਣਾ ਕਰਦਾ ਹੈ, ਇਹ ਪਰਾਹਨ ਵਿਆਕਰਨ ਨਿਯਮਾਂ ਦੀ ਉਲੰਘਣਾ ਵੀ ਕਰਦਾ ਹੈ ਅਤੇ ਭਾਸ਼ਾ ਦੇ ਪੁਰਾਤਨ ਅਰਥਾਂ ਦੀ ਪਰਾਹਨ ਕਰਦਾ ਹੈ।

ਜਿਵੇਂ:- ਕੰਡਿਆਲੀ ਥੋਰ, ਯਾਦਾਂ ਦੀ ਤੱਖਤੀ, ਮਜ਼ਬੂਰੀਆਂ ਦਾ ਰਸਾ, ਕਮੀਨੀਆਂ ਚਾਲਾਂ, ਤਿੱਤਰ ਬਟੇਰ ਬਣ, ਮਨ ਦੀ ਚਿੱਟੀ ਚਾਦਰ ਆਦਿ ਅਰਥ ਮੂਲਕ ਪਰਾਹਨ ਹਨ।ਅਜਿਹੇ ਸ਼ਬਦ ਕਵਿਤਾ ਦੇ ਸੁਹਜਾਤਮਕ ਅਰਥਾਂ ਦਾ ਬੋਧ ਕਰਾਉਂਦੇ ਹਨ।ਅਰਥ ਮੂਲਕ ਪਰਾਹਨ ਕਾਵਿ ਭਾਸ਼ਾਈ ਸੰਚਾਰ ਲਈ ਵਧੇਰੇ ਯੋਗਦਾਨ ਪਾਉਂਦਾ ਹੈ।

### (5) ਲਿਪੀ ਮੂਲਕ ਪਰਾਹਨ

ਕਿਸੇ ਵੀ ਲਿਖਤ ਵਿਚ ਕੋਈ ਖ਼ਾਸ ਤਰ੍ਹਾਂ ਦੀ ਤਬਦੀਲੀ ਉਚਾਰਨ ਨੂੰ ਪ੍ਰਭਾਵਿਤ ਕਰਦੀ ਹੈ ਕਿਉਂਕਿ ਉਚਾਰਨ ਤੇ ਲਿਪੀ ਆਪਸ ਵਿਚ ਅੰਤਰ-ਸੰਬੰਧਿਤ ਹਨ।ਲਿਪੀ ਮੂਲਕ ਪਰਾਹਨ ਦਾ ਸੰਬੰਧ ਉਚਾਰਨ ਨਾਲ ਨਹੀਂ ਹੁੰਦਾ ਹੈ।ਉਚਾਰਨ ਕਰਨ ਸਮੇਂ ਕਿਸੇ ਭਾਸ਼ਾਈ ਚਿੰਨ੍ਹ/ਵਿਰਾਮ ਚਿੰਨ੍ਹ ਦੀ ਜ਼ਰੂਰਤ ਨਹੀਂ ਹੁੰਦੀ ਪਰ ਲਿਖਤੀ ਭਾਸ਼ਾ ਵਿਚ ਵਿਰਾਮ ਚਿੰਨ੍ਹਾਂ ਦੀ ਵਧੇਰੇ ਜ਼ਰੂਰਤ ਹੁੰਦੀ ਹੈ।ਜਦੋਂ ਕਵੀ ਕਵਿਤਾ ਵਿਚ ਵਿਰਾਮ ਚਿੰਨ੍ਹਾਂ ਦੀ ਵਰਤੋਂ ਨਹੀਂ ਕਰਦਾ ਜਾਂ ਜਿਸ ਤੁਕ ਵਿਚ ਵਿਰਾਮ ਚਿੰਨ੍ਹ ਦੀ ਲੋੜ ਨਹੀਂ ਹੈ ਉਥੇ ਉਸ ਦੀ ਵਰਤੋਂ ਕਰ ਦੇਵੇ ਤਾਂ ਇਹ ਲਿਪੀ ਮੂਲਕ ਪਰਾਹਨ ਅਖਵਾਉਂਦਾ ਹੈ।ਵਾਰਤਕ ਦੇ ਮੁਕਾਬਲੇ ਇਹ ਪਰਾਹਨ ਕਾਵਿ ਵਿਚ ਵਧੇਰੇ ਮਿਲਦਾ ਹੈ।

ਜੈਫਰੀ.ਐਨ.ਲੀਚ ਅਨੁਸਾਰ, ਲਿਪੀ ਮੂਲਕ ਪਰਾਹਨ ਕਵਿਤਾ ਨੂੰ ਲਿਖਣ ਸਮੇਂ ਧਿਆਨ ਵਿਚ ਰੱਖਿਆ ਜਾਂਦਾ ਹੈ ਕਿ ਸੱਜੇ ਪਾਸੇ ਵੱਲ ਕਾਵਿ ਤੁੱਕਾਂ ਦੀ ਤਰਤੀਬ ਬੇ-ਨਿਯਮੀ ਹੁੰਦੀ ਹੈ,ਜਦੋਂ ਕਿ ਖੱਬੇ ਪਾਸੇ ਸਾਰੀਆਂ ਤੁੱਕਾਂ ਦੀ ਤਰਤੀਬ ਨਿਯਮ ਅਨੁਸਾਰ ਹੁੰਦੀ ਹੈ। ਅਜਿਹੀ ਤਰਤੀਬ ਵਾਰਤਕ ਜਾਂ ਨਾਵਲ ਵਿਚ ਨਹੀਂ ਮਿਲਦੀ ਹੈ।ਪੰਜਾਬੀ ਵਿਚ ਭਾਸ਼ਾ ਨੂੰ ਲਿਖਣ ਲਈ ਜੋ ਨਿਯਮ ਲਾਗੂ ਕੀਤੇ ਜਾਂਦੇ ਹਨ ਕਾਵਿ ਭਾਸ਼ਾ ਉਨ੍ਹਾਂ ਨਿਯਮਾਂ ਦੀ ਉਲੰਘਣਾ ਕਰਦੀ ਹੈ, ਇਹ ਲਿਪੀ ਮੂਲਕ ਪਰਾਹਨ ਹੈ। ਜਿਵੇਂ:-

"ਇਤਿਹਾਸ ਸਦਾ

ਤਾਕਤਵਾਰ ਹੱਥ ਲਿਖਦੇ

ਇਸੇ ਲਈ ਇਤਿਹਾਸ ਵਿਚ

ਕਮਜ਼ੋਰ ਸਦਾ

ਪਿੱਠ ਭੂਮੀ 'ਚ ਚਲੇ ਜਾਂਦੇ"[36]

ਉਪਰੋਕਤ ਕਾਵਿ ਟੋਟੇ ਵਿਚ ਕਾਵਿ ਸਤਰਾਂ ਆਮ ਭਾਸ਼ਾਈ ਨਿਯਮਾਂ ਦੀ ਤਰਤੀਬ ਤੋਂ ਉਲਟਾ ਸੱਜੇ ਪਾਸੇ ਬੇ-ਤਰਤੀਬ ਤੇ ਖੱਬੇ ਪਾਸੇ ਤਰਤੀਬ ਕਾਰਨ ਇਹ ਲਿਪੀ ਮੂਲਕ ਪਰਾਹਨ ਹੈ। ਵਿਆਕਰਨ ਦੇ ਅਨੁਸਾਰ ਪੂਰਨ ਠਹਿਰਾਉ ਵੇਲੇ ਡੰਡੀ (।) ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਕਾਵਿ ਟੋਟੇ ਵਿਚ ਨਹੀਂ ਕੀਤੀ ਗਈ ਹੈ। ਇਸ ਪ੍ਰਕਾਰ ਕਵੀ ਆਪਣੀ ਮਰਜ਼ੀ ਅਨੁਸਾਰ ਹੀ ਆਮ ਭਾਸ਼ਾਈ ਨਿਯਮਾਂ ਦੀ ਉਲੰਘਣਾ ਕਰਕੇ ਕਾਵਿ ਦੀ ਸਿਰਜਣਾ ਕਰਦਾ ਹੈ ਇਹ ਲਿਪੀ ਮੂਲਕ ਪਰਾਹਨ ਹੈ।

### (6) ਉਪਭਾਸ਼ਾਈ ਪਰਾਹਨ

ਕਾਵਿ ਵਿਚ ਉਪਭਾਸ਼ਾਈ ਸ਼ਬਦਾਂ ਦੀ ਵਰਤੋਂ ਕਰਨ ਨੂੰ ਉਪਭਾਸ਼ਾਈ ਪਰਾਹਨ ਕਿਹਾ ਜਾਂਦਾ ਹੈ।ਆਮ ਤੋਰ ਤੇ ਆਮ ਭਾਸ਼ਾ ਦਾ ਪ੍ਰਯੋਗ ਕਰਦੇ ਸਮੇਂ ਉਪਭਾਸ਼ਾਈ ਸ਼ਬਦਾਂ ਦੀ ਵਰਤੋਂ ਦੀ ਖੁਲ੍ਹ ਨਹੀਂ ਹੁੰਦੀ ਹੈ ਪਰ ਸਾਹਿਤਕਾਰ ਆਪਣੀ ਰਚਨਾ ਵਿਚ ਉਪਭਾਸ਼ਾਈ ਸ਼ਬਦਾਂ ਦੀ ਵਰਤੋਂ ਆਪ ਕਰ ਲੈਂਦਾ ਹੈ। ਉਪਭਾਸ਼ਾਈ ਸ਼ਬਦਾਂ ਦੀ ਵਰਤੋਂ ਰਾਹੀਂ ਕਾਵਿ ਵਿਚ ਤਾਜਗੀ ਤੇ ਸੱਭਿਆਚਾਰਕ ਮਾਹੌਲ ਨੂੰ ਸਿਰਜਦੇ ਹਨ।ਜਿਵੇ: ਏਦਾਂ, ਏਨਾਂ, ਏਹਨਾਂ , ਕਿਤੇ, ਸਾਥੋਂ, ਤੀਕਰ ਆਦਿ।ਅਮਰਜੀਤ ਕੌਂਕੇ ਕਾਵਿ ਵਿਚ ਭਿੰਨ-ਭਿੰਨ ਉਪਭਾਸ਼ਾਈ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ।

### (7) ਰਜਿਸ਼ਟਰ ਦਾ ਪਰਾਹਨ

ਰਜਿਸ਼ਟਰ ਭਾਸ਼ਾ ਦੀ ਇੱਕ ਸ਼ੈਲੀਮੁਲਕ ਵੰਨਗੀ ਹੈ। ਕੋਈ ਵਿਅਕਤੀ ਅੱਲਗ-ਅੱਲਗ ਸਮੇਂ ਤੇ ਪ੍ਰਸਥਿਤੀਆਂ ਦੇ ਅਨੁਸਾਰ ਭਾਸ਼ਾ ਦਾ ਪ੍ਰਯੋਗ ਜਿਸ ਢੰਗ ਅਨੁਸਾਰ ਕਰਦਾ ਹੈ ਉਸ ਨੂੰ ਰਜਿਸਟਰ ਕਿਹਾ ਜਾਂਦਾ ਹੈ। ਰਜਿਸਟਰ ਦੀ ਵਰਤੋਂ

ਆਮ ਤੌਰ ਤੇ ਵੱਖ-ਵੱਖ ਰਜਿਸਟਰਾਂ ਦੀ ਆਪਸੀ ਮਿਲਾਵਟ ਕਰਕੇ ਵੀ ਹੋਂਦ ਵਿਚ ਆਉਂਦੀ ਹੈ। ਕਵੀ ਆਪਣੇ ਕਾਵਿ ਵਿਚ ਇੱਕ ਹੀ ਰਜਿਸਟਰ ਦੀ ਵਰਤੋਂ ਨਹੀਂ ਕਰਦਾ ਹੈ ਬਲਕਿ ਉਹ ਕਈ ਰਜਿਸਟਰਾਂ ਦੀ ਵਰਤੋਂ ਕਰਦਾ ਹੈ। ਅਮਰਜੀਤ ਕੌਂਕੇ ਦੇ ਕਾਵਿ ਵਿਚ ਵੱਖ-ਵੱਖ ਰਜਿਸਟਰਾਂ ਦੀ ਵਰਤੋਂ ਦੇ ਕਈ ਨਮੂਨੇ ਦੇਖਣ ਨੂੰ ਮਿਲਦੇ ਹਨ ਜਿਵੇ:-

- “ਤਾਂ ਚਮਕ ਉਠਦੀਆਂ
  ਅੱਖਾਂ ਉਹਨਾਂ ਦੀਆਂ ਲੱਗਦਾ ਜਿਵੇਂ
  ਲਾਟਰੀ ਨਿਕਲ ਆਈ ਕੋਈ ਭਾਰੀ
  --------------------
  ਇਕ ਟੇਬਲ ਤੋਂ ਦੂਜੇ ਟੇਬਲ ਤੱਕ
  ਅੱਖਾਂ ’ਚ ‘ਟਿੱਪ’ ਦੀ ਲਾਲਸਾ ਭਰੀ”[37]
- “ਮੈਂ ਆਉਂਦੀ ਹਾਂ ਤੇਰੇ ਕੋਲ
  ਕਿ ਤੇਰੀ ਛੋਹ ਨਾਲ
  ਮੇਰੀ ਦੇਹੀ ’ਚ ਸੁੱਤਾ ਸੰਗੀਤ ਜਾਗਦਾ ਹੈ
  ਅਤੇ ਮੇਰੇ ਮੁਰਦਾ ਅੰਗ
  ਅੰਗੜਾਈ ਭਰਦੇ ਹਨ”[38]

ਅਮਰਜੀਤ ਕੌਂਕੇ ਨੇ ਆਪਣੀ ਕਵਿਤਾ ਵਿਚ ਅਨੇਕਾਂ ਪ੍ਰਕਾਰ ਦੇ ਰਜਿਸ਼ਟਰਾਂ ਦੀ ਵਰਤੋਂ ਕੀਤੀ ਹੈ। ਉਪਰੋਕਤ ਕਾਵਿ ਸਤਰਾਂ ਵੱਖ-ਵੱਖ ਕਵਿਤਾਵਾਂ ਵਿਚੋਂ ਲਈਆਂ ਗਈਆਂ ਹਨ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਕਵੀ ਨੇ ਵੱਖ-ਵੱਖ ਮਾਹੋਲ ਨੂੰ ਪੇਸ਼ ਕਰਨ ਲਈ ਕਈ ਪ੍ਰਕਾਰ ਦੇ ਰਜਿਸ਼ਟਰਾਂ ਦੀ ਵਰਤੋਂ ਕੀਤੀ ਹੈ। ਹੋਟਲ ਵਿਚਲੇ ਮਾਹੋਲ ਨੂੰ ਖ਼ਾਸ ਸ਼ਬਦਾਵਲੀ ਬੈਰੇ, ਟਿੱਪ, ਲਾਟਰੀ, ਟੇਬਲ ਆਦਿ ਸ਼ਬਦਾਂ ਦੀ ਵਰਤੋਂ ਕਰਕੇ ਪੇਸ਼ ਕੀਤਾ ਹੈ। ਔਰਤ-ਮਰਦ ਦੇ ਸਰੀਰਕ ਸੰਬੰਧਾਂ ਬਾਰੇ ਖ਼ਾਸ ਸ਼ਬਦਾਵਲੀ ਜਿਵੇਂ- ਛੋਹ, ਦੇਹੀ, ਸੁੱਤਾ ਸੰਗੀਤ, ਮੁਰਦਾ ਅੰਗ, ਅੰਗੜਾਈ ਆਦਿ ਦੀ ਵਰਤੋਂ ਕੀਤੀ ਹੈ।

### (8) ਇਤਿਹਾਸਕ ਕਾਲ ਦਾ ਪਰਾਹਨ

ਸਾਹਿਤ ਦੀ ਸਿਰਜਣਾ ਕਰਨ ਸਮੇਂ ਸਾਹਿਤਕਾਰ ਆਪਣੇ ਸਮੇਂ ਦੀ ਭਾਸ਼ਾ ਤੱਕ ਹੀ ਸੀਮਿਤ ਨਹੀਂ ਰਹਿੰਦਾ ਹੈ। ਉਹ ਆਪਣੀ ਭਾਸ਼ਾ ਵਿਚ ਭੂਤਕਾਲ ਵਿਚ ਵਾਪਰੀ ਘਟਨਾ ਨੂੰ ਆਪਣੇ ਸ਼ਬਦਾਂ ਰਾਹੀਂ ਵਰਤਮਾਨ ਵਿਚ ਪੇਸ਼ ਕਰੇ ਜਾਂ ਵਰਤਮਾਨ

ਵਿਚ ਵਾਪਰਨ ਵਾਲੀ ਘਟਨਾ ਨੂੰ ਭੂਤਕਾਲ ਵਿਚ ਵਾਪਰੀ ਘਟਨਾ ਨਾਲ ਜੋੜ ਕੇ ਪੇਸ਼ ਕਰੇ ਤਾਂ ਇਹ ਇਤਿਹਾਸਕ ਕਾਲ ਦਾ ਪਰਾਹਨ ਹੁੰਦਾ ਹੈ। ਕੌਂਕੇ ਦੀ ਕਵਿਤਾ ਵਿਚ ਇਤਿਹਾਸਕ ਕਾਲ ਦਾ ਪਰਾਹਨ ਦੀ ਝਲਕ ਦੇਖਣ ਨੂੰ ਮਿਲਦੀ ਹੈ।

"ਉਠਣਗੇ

ਇਹ ਸਾਰੇ ਏਕਲੱਵਿਆ ਇੱਕ ਦਿਨ

ਜਿਹੜੇ ਆਪਣੇ ਅੰਗੂਠੇ ਦੀ ਥਾਂ

ਤੁਹਾਨੂੰ ਤੀਰ ਦੇਣਗੇ

ਤੁਹਾਡੀਆ ਦੋਣਾ ਚਾਰੀਆਂ-ਸਾਜ਼ਿਸ਼ਾ

ਦੇ ਸਾਰੇ ਪਰਦੇ ਚੀਰ ਦੇਣਗੇ"[39]

ਉਪਰੋਕਤ ਕਾਵਿ ਟੋਟਾ ਮਹਾਂਭਾਰਤ ਦੀ ਇੱਕ ਘਟਨਾ ਉੱਪਰ ਆਧਾਰਿਤ ਹੈ ਅਤੇ ਇਸ ਦੀ ਸ਼ਬਦਾਵਲੀ, ਲੈਅ ਅਤੇ ਸੰਬੋਧਨੀ ਸ਼ੈਲੀ ਪੁਰਾਤਨ ਕਾਵਿ ਉੱਪਰ ਆਧਾਰਿਤ ਹੈ।

## ਕਾਵਿ ਭਾਸ਼ਾਈ ਜੁਗਤਾਂ ਰਾਹੀਂ ਅਰਥ ਸੰਚਾਰ

ਅਮਰਜੀਤ ਕੌਂਕੇ ਨੇ ਆਪਣੇ ਕਾਵਿ ਵਿਚ ਕਾਵਿ ਭਾਸ਼ਾਈ ਜੁਗਤਾਂ ਰਾਹੀਂ ਅਰਥ ਸੰਚਾਰ ਕੀਤਾ ਹੈ। ਜਿਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

### ਕਾਵਿ ਚਿਹਨ

ਅਮਰਜੀਤ ਕੌਂਕੇ ਕਾਵਿ ਵਿਚ ਭਿੰਨ ਭਿੰਨ ਪ੍ਰਕਾਰ ਦੇ ਚਿਹਨਾਂ - ਇਤਿਹਾਸਕ ਚਿਹਨ, ਸਭਿਆਚਾਰਕ ਚਿਹਨ, ਰਾਜਨੀਤੀਕ ਨਾਲ ਸੰਬੰਧਿਤ ਚਿਹਨ, ਮੁਹੱਬਤ ਨਾਲ ਸੰਬੰਧਿਤ ਚਿਹਨ, ਮਨੋਵਿਗਿਆਨਕ ਚਿਹਨ, ਵਿਗਿਆਨਕ ਚਿਹਨ, ਵਿਚਾਰਾਤਮਕ ਚਿਹਨ, ਕੁਦਰਤ ਨਾਲ ਸੰਬੰਧਿਤ ਚਿਹਨ ਆਦਿ ਦਾ ਪ੍ਰਯੋਗ ਨਵੇਕਲੇ ਪੱਧਰ ਤੇ ਕੀਤਾ ਗਿਆ ਹੈ।

**ਇਤਿਹਾਸਕ ਚਿਹਨ** :

"ਅਸੀਂ ਜਹਿਰ ਦੇ

ਪਿਆਲੇ ਪੀਤੇ ਭਰ ਭਰ ਕੇ

ਅਸੀਂ ਉਬਲੇ ਦੇਗਾਂ ਵਿਚ

ਤਲੀਆਂ ਤੇ ਸ਼ੀਸ ਧਰ ਕੇ

ਲੜਦੇ ਰਹੇ ਹਾਂ ਅਸੀਂ"[40]

ਕੌਂਕੇ ਨੇ ਆਪਣੇ ਕਾਵਿ ਵਿਚ ਇਤਿਹਾਸਕ ਚਿਹਨ ਦੀ ਵਰਤੋਂ ਕੀਤੀ ਹੈ। ਉਪਰੋਕਤ ਕਾਵਿ ਟੋਟੇ ਵਿਚ ਉਸ ਨੇ ਇਤਿਹਾਸਕ ਬਣ ਚੁਕੀਆਂ ਕੁਰਬਾਨੀਆਂ ਲਈ ਜਹਿਰ ਪਿਆਲੇ, ਉਬਲੇ ਦੇਗਾਂ ਦੇ ਚਿਹਨ ਵਰਤੇ ਹਨ।

**ਸਭਿਆਚਾਰਕ ਚਿਹਨ :**

ਕੌਂਕੇ ਨੇ ਪੰਜਾਬੀ ਸਭਿਆਚਾਰ ਦੇ ਪੇਂਡੂ ਜੀਵਨ ਨਾਲ ਸਬੰਧਿਤ ਬਹੁਤ ਸਾਰੇ ਚਿਤਰ ਆਪਣੀ ਕਵਿਤਾ ਵਿਚ ਪੇਸ਼ ਕੀਤੇ ਹਨ। "ਆਪਣੇ ਬਜੁਰਗਾਂ ਦੀ ਯਾਦ, ਉਨ੍ਹਾਂ ਦਾ ਅਸ਼ੀਰਵਾਦ ਤੇ ਵਿਰਸੇ ਵਿਚ ਮਿਲੀ ਪੰਜਾਬੀਅਤ ਤੇ ਪੰਜਾਬੀ ਸਭਿਆਚਾਰ ਤੇ ਗੋਰਵ ਮਹਿਸੂਸ ਕਰਦਾ ਹੋਇਆ ਕਵੀ ਆਪਣੀਆਂ ਕਵਿਤਾਵਾਂ ਰਾਹੀਂ ਢਹਿ ਰਹੇ ਪੰਜਾਬੀ ਸਭਿਆਚਾਰ ਤੇ ਰੋਸ ਪ੍ਰਗਟ ਕਰਦਾ ਹੈ।"[41]

"ਪਿੰਡ ਨਹੀਂ ਵਿਕ ਰਿਹਾ

ਪਿੰਡ ਦੇ ਬਹਾਨੇ ਮੇਰੇ ਪੁਰਖੇ ਵਿਕ ਰਹੇ ਹਨ,

ਪੁਰਖਿਆਂ ਬਹਾਨੇ ਮੇਰੇ ਸੰਸਕਾਰ ਵਿਕ ਰਹੇ ਹਨ,

ਇਸ ਧਰਤੀ ਤੋਂ ਤੁਰ ਗਏ

ਮੇਰੇ ਪਿੱਤਰਾਂ ਦੇ ਪਰਿਵਾਰ ਵਿਕ ਰਹੇ ਹਨ।"[42]

ਕਵੀ 'ਪਿੰਡ' ਦਾ ਚਿਹਨ ਲੈ ਕੇ ਰੋਜਾਨਾ ਜੀਵਨ ਵਿਚ ਆ ਰਹੇ ਬਦਲਾਵਾਂ ਨੂੰ ਦਰਸਾਉਂਦਾਹੈ।

" ਦਾਦੀ ਦਾ ਸੰਦੂਕ

ਅਜੇ ਵੀ ਨੁੱਕਰ 'ਚ ਉਸੇ ਤਰ੍ਹਾਂ ਪਿਆ ਹੈ"[43]

'ਸੰਦੂਕ' ਪੰਜਾਬੀ ਸਭਿਆਚਾਰ ਦਾ ਚਿਹਨ ਹੈ ਜੋ ਪੁਰਾਤਨ ਸਮੇਂ ਵਿਚ ਕੁੜੀ ਦੇ ਦਹੇਜ ਵਿਚ ਦਿੱਤਾ ਜਾਂਦਾ ਸੀ।

**ਵਿਚਾਰਾਤਮਕ ਚਿਹਨ** :

ਆਧੁਨਿਕ ਸਮੇਂ ਵਿਚ ਕਵੀ ਪੰਜਾਬੀ ਕਾਵਿ ਵਿਚ ਨਵੇਂ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੈ ਜੋ ਜੀਵਨ ਦਾ ਕੌੜਾ ਸੱਚ ਹਨ। ਅਜੋਕਾ ਮਨੁੱਖ ਪੁਰਾਣੀਆਂ ਪੰਰਪਰਾਵਾਂ ਤੋਂ ਮੁਕਤੀ ਚਾਹੁੰਦਾ ਹੈ। ਉਹ ਆਪਣੀ ਮਰਜੀ ਅਨੁਸਾਰ ਜੀਉਣਾ ਚਾਹੁੰਦਾ ਹੈ। ਕਵੀ 'ਸੁਹਾਗਣ' ਇਸਤਰੀ ਦੇ ਚਿਹਨ ਦੀ ਵਰਤੋਂ ਕਰਕੇ ਔਰਤ ਦੇ ਬਦਲਦੇ ਹੋਏ ਵਿਵਹਾਰ ਨੂੰ ਪ੍ਰਸਤੁਤ ਕਰਦਾ ਹੈ।

"ਬਿਸਤਰ ਤੇ ਬੈਠਦੀ

ਉਹ ਮੰਗਲਸੂਤਰ ਲਾਹ ਸੁਟਦੀ

ਵੀਣੀ ਦੀਆਂ ਵੰਗਾਂ ਬੇਦਰਦੀ ਨਾਲ ਲਾਹੁੰਦੀ

ਹੋਲੀ ਹੋਲੀ ਉਹ ਅਪਣੇ ਖਾਵੰਦ ਦਾ

ਸਭ ਕੁਝ ਉਤਾਰ ਸੁੱਟਦੀ

ਜਾਣ ਲੱਗੀ ਮੇਰੇ ਤੋਂ ਬਚਾ ਕੇ

ਉਹ ਅੱਖਾਂ ਪੂੰਝਦੀ"[44]

**ਵਿਗਿਆਨਕ ਚਿਹਨ** :

"ਵੈਕਿਉਮ ਕਲੀਨਰ ਨਾਲ

ਮੇਰੇ ਦਿਮਾਗ 'ਚ ਫਸੀਆਂ

ਯਾਦਾਂ ਦੀਆਂ ਮਕੜੀਆਂ

ਬੁਣਦੀਆਂ ਰਹਿੰਦੀਆਂ ਜਾਲੇ ਸਦਾ

ਉਲਝਿਆ ਰਹਿੰਦਾ ਮਨ"[45]

ਅਮਰਜੀਤ ਕੌਂਕੇ ਨੇ ਵੈਕਿਉਮ ਕਲੀਨਰ ਨੂੰ ਨਵੇਂ ਨਕੋਰ ਵਿਚਾਰਾਂ ਦੇ ਚਿਹਨ ਵਜੋਂ ਵਰਤਿਆ ਹੈ।

**ਲਿੰਗ ਸੰਬੰਧਾਂ ਤੇ ਆਧਾਰਿਤ ਚਿਹਨ** :

"ਪਿਆਸ ਦੇਹ ਦੀ ਬੁਝਦੀ

ਪਰ ਮਿਟਦੀ ਨਹੀਂ ਕਦੇ

ਮੈਂ ਨਦੀ ਦੇ ਨੀਰ 'ਚੋਂ

ਘੁੱਟ ਭਰਦਾ

ਪਿਆਸ ਬੁਝਦੀ

ਕੁਝ ਪਲਾਂ ਲਈ

ਪਰ ਫੇਰ ਜਾਗਦੀ

ਛਿਣਾਂ ਮਗਰੋਂ

ਪਿਆਸ ਮਿਟਦੀ ਨਹੀਂ"[46]

ਕੌਂਕੇ ਨੇ 'ਨਦੀ' ਦਾ ਚਿਹਨ ਔਰਤ ਦੇ ਲਈ ਵਰਤਿਆ ਹੈ

ਇਸ ਪ੍ਰਕਾਰ ਅਮਰਜੀਤ ਕੌਂਕੇ ਨੇ ਆਪਣੀਆਂ ਕਵਿਤਾਵਾਂ ਵਿਚ ਕਈ ਪ੍ਰਕਾਰ ਦੇ ਕਾਵਿ ਚਿਹਨ ਵਰਤੇ ਹਨ । ਇਹ ਕਾਵਿ ਚਿਹਨ ਵਿਚਾਰਾਂ ਨੂੰ ਪ੍ਰਗਟ ਕਰਦੇ ਹਨ। ਇਸ ਲਈ ਇਹ ਚਿਹਨ ਇਕ ਵੱਖਰੀ ਵਿਚਾਰਧਾਰਾ ਦਾ ਸੰਚਾਰ ਕਰਦੇ ਹਨ।

**ਬਿੰਬ**

ਬਿੰਬ ਕਵਿਤਾ ਦੀ ਪ੍ਰਮੁੱਖ ਵਿਸ਼ੇਸ਼ਤਾ ਹੁੰਦੀ ਹੈ। ਬਿੰਬਾਂ ਦੀ ਵਰਤੋਂ ਕਰਕੇ ਕਵੀ ਆਪਣੀ ਕਵਿਤਾ ਨੂੰ ਰੋਚਕ ਅਤੇ ਸੁਹਜ ਭਰਪੂਰ ਬਣਾਉਂਦਾ ਹੈ। "ਕਾਵਿ-ਬਿੰਬ ਅਭਿਵਿਅਕਤੀ ਨੂੰ ਸੰਘਣਾ ਅਤੇ ਯਥਾਰਥ ਦੀ ਜਟਿਲਤਾ ਨੂੰ ਸਿਰਜਣ ਦੀ ਸ਼ਕਤੀਸ਼ਾਲੀ ਜੁਗਤ ਹੈ। ਅਜੋਕੇ ਸਮੇਂ ਵਿਚ ਵਿਦਵਾਨਾਂ ਨੇ ਬਿੰਬ ਨੂੰ ਕਾਵਿ ਦਾ ਅਤਿ ਜ਼ਰੂਰੀ ਤੇ ਅਨਿੱਖੜਵਾਂ ਅੰਗ ਮੰਨਿਆ ਹੈ। ਬਿੰਬ ਜਿਥੇ ਕਵਿਤਾ ਨੂੰ ਸਾਧਾਰਨ ਪਧੱਰ ਤੋਂ ਉਚੇਰਾ ਚੁੱਕ ਕੇ ਉਤਮ ਕਵਿਤਾ ਬਣਾ ਦੇਂਦਾ ਹੈ ਉਥੇ ਬਿੰਬ ਸਿਰਜਣਾ ਕਵੀ ਦੀ ਕਾਵਿ-ਪ੍ਰਤਿਭਾ ਦੀ ਸਮਰਥਾ ਦੀ ਵੀ ਮਿਸਾਲ ਬਣਦਾ ਹੈ।"[47] ਅਮਰਜੀਤ ਕੌਂਕੇ ਨੇ ਆਪਣੀ ਕਵਿਤਾ ਵਿਚ ਬਿੰਬ ਦੀ ਵਰਤੋਂ ਬਹੁਤ ਹੀ ਸੁੰਦਰ ਢੰਗ ਨਾਲ ਕੀਤੀ ਹੈ। ਕੌਂਕੇ ਦੇ ਕਾਵਿ ਵਿਚ ਬਿੰਬ ਸਿਰਜਣਾ ਦੇ ਉਤਮ ਨਮੂਨੇ ਮਿਲਦੇ ਹਨ, ਜੋ ਹੇਠ ਲਿਖੇ ਅਨੁਸਾਰ ਹਨ।

**ਨਾਦ ਮੁਲਕ ਬਿੰਬ** – ਨਾਦ ਬਿੰਬ ਦਾ ਸੰਬੰਧ ਸਾਡੀ ਸੁਣਨ ਸ਼ਕਤੀ ਨਾਲ ਹੁੰਦਾ ਹੈ। ਇਸ ਬਿੰਬ ਰਾਹੀਂ ਕੰਨਾਂ ਵਿਚ ਧੁਨੀ ਰਸ ਪੈਦਾ ਕੀਤਾ ਜਾਂਦਾ ਹੈ।

"ਮੇਰੇ ਪੋਟਿਆਂ 'ਚੋਂ ਲੋਕ
ਤੇਰੇ ਨਕਸ਼ ਘੜਦੇ
ਮੇਰੇ ਕੰਨਾਂ ਤੋਂ
ਤੇਰੀ ਆਵਾਜ਼ ਸੁਣਦੇ
ਮੇਰੇ ਬੋਲਾਂ 'ਚੋਂ ਲੋਕ
ਤੇਰੇ ਨਾਂ ਦੀਆਂ ਕਵਿਤਾਵਾਂ ਬੁੱਝ ਲੈਂਦੇ"[48]

**ਰਸ ਮੁਲਕ ਬਿੰਬ** – ਇਸ ਬਿੰਬ ਦਾ ਸੰਬੰਧ ਜੀਭ ਨਾਲ ਹੁੰਦਾ ਹੈ ਜਿਸ ਨਾਲ ਕਿਸੇ ਨੂੰ ਪਤਾ ਲਗਦਾ ਹੈ ਕਿ ਇਹ ਚੀਜ਼ ਰਸੀਲੀ ਹੈ ਜਾਂ ਬੇਰਸੀ, ਮੀਠੀ ਹੈ ਜਾਂ ਕੌੜੀ ।ਅਮਰਜੀਤ ਕੌਂਕੇ ਦੀ ਕਵਿਤਾ ਵਿਚ ਵਧੇਰੇ ਰਸ ਦੇਖਣ ਨੂੰ ਮਿਲਦਾ ਹੈ।ਜਿਵੇਂ :

"ਤੇਰੇ ਹੱਥਾਂ 'ਚ ਫੁੱਲ ਨੇ
ਮੱਥੇ ਤੇ ਸੂਰਜ
ਤੇਰੇ ਪੈਰਾਂ ਹੇਠ
ਕੁਲ ਦੁਨੀਆਂ ਦੀ ਦੋਲਤ
ਤੇਰੇ ਚਿਹਰੇ ਤੇ
ਚਾਦਨੀਆਂ ਨ੍ਰਿਤ ਕਰਦੀਆਂ ਨੇ
ਤੇਰੇ ਵਾਲਾ 'ਚ
ਸਤਰੰਗੀਆਂ ਜਗਮਗਾਉਂਦੀਆਂ"[49]

**ਦ੍ਰਿਸ਼ਟੀਪਰਕ ਬਿੰਬ** – ਦ੍ਰਿਸ਼ਟੀਪਰਕ ਬਿੰਬ ਆਕਾਰਮਈ ਹੁੰਦੇ ਹਨ। ਜਿਨ੍ਹਾਂ ਦਾ ਸਰੂਪ ਵਧੇਰੇ ਸਪਸ਼ਟ ਹੁੰਦਾ ਹੈ। ਇਹ ਇਕ ਕਿਸਮ ਦੀ ਤਸਵੀਰ ਹੈ ਜੋ ਸਾਡੇ ਮਨ ਵਿਚ ਪੈਦਾ ਹੋ ਜਾਂਦੀ ਹੈ। ਕੌਂਕੇ ਦੀ ਕਵਿਤਾ ਵਿਚ ਇਸ ਬਿੰਬ ਦੀ ਉਦਾਹਰਨ ਹੇਠ ਲਿਖੇ ਅਨੁਸਾਰ ਹੈ :

"ਮੇਰੀਆਂ ਅੱਖਾਂ ਵਿਚੋਂ
ਲੋਕ ਤੇਰੀ ਤਸਵੀਰ ਪਛਾਣ ਲੈਂਦੇ ਨੇ
ਮੇਰੇ ਚਿਹਰੇ ਤੋਂ ਤੇਰੀ ਮੁਸਕਾਨ
ਮੇਰੇ ਪੈਰਾਂ ਤੋਂ ਲੋਕ
ਤੇਰੇ ਘਰ ਦਾ ਰਸਤਾ ਲੱਭ ਲੈਂਦੇ ਨੇ"[50]

**ਗੰਧ ਬਿੰਬ** – ਗੰਧ ਬਿੰਬ ਦਾ ਸੰਬੰਧ ਸੁੰਘਣ ਇੰਦਰੀ ਨਾਲ ਹੁੰਦਾ ਹੈ।ਕਿਸੇ ਵੀ ਵਸਤੂ ਦੀ ਖੁਸਬੂ ਦਾ ਅਹਿਸਾਸ ਕਰਵਾਉਂਣਾ ਇਸ ਬਿੰਬ ਦੀ ਖਾਸੀਅਤ ਹੈ। ਕੌਂਕੇ ਨੇ ਆਪਣੀ ਕਵਿਤਾ ਵਿਚ ਗੰਧ ਬਿੰਬ ਦੀ ਵਰਤੋਂ ਬਹੁਤ ਹੀ ਸੁੰਦਰ ਢੰਗ ਨਾਲ ਕੀਤੀ ਹੈ।ਜਿਵੇਂ :

"ਮੇਰੇ ਹੋਠਾਂ ਤੋਂ ਲੋਕ
ਤੇਰੇ ਜਿਸਮ ਦੀ
ਮਹਿਕ ਪਛਾਣ ਲੈਂਦੇ ਨੇ
ਜਿਸਮ ਮੇਰਾ ਹੈ
ਪਰ ਤੂੰ
ਮੇਰੇ ਜਿਸਮ ਵਿਚ
ਕਿਵੇਂ ਕਿਵੇਂ ਵਸਦੀ ਹੈ।"[51]

ਕੌਂਕੇ ਦੇ ਕਾਵਿ ਦੀ ਇਹ ਖੂਬੀ ਹੈ ਕਿ ਉਸ ਨੇ ਹਰ ਇਕ ਕਾਵਿ ਜੁਗਤ ਨੂੰ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ ਹੈ।ਗੰਧ ਬਿੰਬ ਰਾਹੀਂ ਕਵੀ ਮਹਿਬੂਬ ਦੀ ਮਹਿਕ ਆਪਣੇ ਜਿਸਮ ਵਿਚ ਮਹਿਸੂਸ ਕਰਦਾ ਹੈ, ਨੂੰ ਬੜੇ ਵੱਖਰੇ ਢੰਗ ਨਾਲ ਪੇਸ਼ ਕੀਤਾ ਹੈ ਅਤੇ ਇਹ ਕਾਵਿ ਦਾ ਵੱਖਰਾ ਸੰਚਾਰਾਤਮਕ ਪਹਿਲੂ ਵੀ ਹੈ।

**ਮਾਨਸਿਕ ਬਿੰਬ** – ਜਦੋਂ ਮਨੁੱਖੀ ਮਨ ਦੇ ਅੰਦਰ ਦੀ ਟੁੱਟ ਭੱਜ, ਹਾਵਾਂ-ਭਾਵਾਂ, ਅਹਿਸਾਸਾਂ ਆਦਿ ਦੀ ਤਸਵੀਰ ਨੂੰ ਕਵਿਤਾ ਵਿਚ ਦਰਸਾਇਆ ਜਾਂਦਾ ਹੈ ਤਾਂ ਮਾਨਸਿਕ ਬਿੰਬ ਹੋਂਦ ਵਿਚ ਆਉਂਦਾ ਹੈ।ਕੌਂਕੇ ਦੀ ਇਹ ਖੂਬੀ ਹੈ ਕਿ ਉਸ ਨੇ ਇਸ ਬਿੰਬ ਦੀ ਵਰਤੋਂ ਬੜੇ ਹੀ ਸਹਿਜ ਤਰੀਕੇ ਨਾਲ ਕੀਤੀ ਹੈ। ਜਿਵੇਂ :

"ਸਾਰੀ ਉਮਰ

ਘੁੰਮਦੀ ਰਹੀ ਉਹ ਧਰਤੀ ਵਾਂਗ

ਤਪਦੀ ਰਹੀ ਉਹ ਸੂਰਜ ਵਾਂਗ

ਪਾਣੀਆਂ 'ਚ ਰਲ ਕੇ

ਇਕਦਮ ਸ਼ਾਂਤ ਹੋ ਗਈ ਮੌਨ ਹੋ ਗਈ"[52]

ਮਾਂ ਆਪਣੇ ਬੱਚਿਆਂ ਦੀ ਖੁਸ਼ੀ ਅਤੇ ਸੁੱਖ ਲਈ ਸਾਰੀ ਉਮਰ ਮਿਹਨਤ ਕਰਨਾ, ਧਰਤੀ ਵਾਂਗ ਘੁੰਮਣਾ, ਸੂਰਜ ਵਾਂਗ ਤਪਣਾ ਮਹਿਜ ਕਲਪਣਾ ਨਹੀਂ ਹੈ ਸਗੋਂ ਇਸ ਮਨੋਵਿਗਿਆਨਕ ਬਿੰਬ ਰਾਹੀਂ ਕਾਵਿ ਸੰਚਾਰ ਨੂੰ ਮਾਨਸਿਕ ਸੂਝ ਰਾਹੀਂ ਦਰਸਾਇਆ ਗਿਆ ਹੈ। ਅਮਰਜੀਤ ਕੌਂਕੇ ਨੇ ਆਪਣੇ ਕਾਵਿ ਵਿਚ ਵਿਭਿੰਨ ਪ੍ਰਕਾਰ ਦੇ ਬਿੰਬਾਂ ਦੀ ਵਰਤੋਂ ਕੀਤੀ ਹੈ।ਬਿੰਬ ਵੀ ਕਾਵਿ ਭਾਸ਼ਾ ਦਾ ਇਕ ਅਟੁਟ ਅੰਗ ਹਨ। ਬਿੰਬ ਕਾਵਿ ਨੂੰ ਸੁਹਜਮਈ ਅਤੇ ਕਲਾਤਮਕ ਬਣਾਉਣ ਦੇ ਨਾਲ-ਨਾਲ ਕਾਵਿ ਭਾਸ਼ਾ ਦੇ ਸੰਚਾਰ ਵਿਚ ਵੀ ਵਾਧਾ ਕਰਦੇ ਹਨ।

**ਸਪਰਸ਼ ਬਿੰਬ**- ਕੌਂਕੇ ਕਾਵਿ ਵਿਚ ਬਿੰਬ ਸਿਰਜਣ ਦੇ ਉਤਮ ਨਮੂਨੇ ਹਨ। ਇਥੇ ਸਪਰਸ਼ ਬਿੰਬ ਨੂੰ ਵਿਸਥਾਰ ਦੇਣ ਲਈ ਘੋੜਿਆਂ ਦਾ ਸੂਕਣਾ, ਹਿਣਕਣਾ, ਸਰਪਟ, ਦੌੜਨਾ, ਤੇ ਨਿੱਸਲ ਹੋ ਕੇ ਡਿੱਗ ਪੈਣਾ ਆਦਿ ਬਿੰਬ ਸਹਾਇਕ ਹੁੰਦੇ ਹਨ।

"ਪਰ ਤੂੰ ਕਿਹੋ ਜਿਹੀ ਧਰਤੀ ਹੈਂ

ਕਿ ਤੈਨੂੰ ਛੋਂਹਦਿਆਂ ਹੀ

ਸਾਹੋਂ ਸਾਹ ਹੋਏ

ਤੂਫ਼ਾਨ ਵਾਂਗੂ ਸੂਕਦੇ

ਸਰਪਟ ਹਨੇਰੀ ਵਾਂਗ ਦੌੜਦੇ

ਹਿਣਕਦੇ ਘੋੜੇ

ਇਕ ਦਮ

ਨਿੱਸਲ ਹੋ ਕੇ ਡਿੱਗ ਪੈਂਦੇ ਨੇ"[53]

**ਮਨੋਵਿਗਿਆਨਕ ਬਿੰਬ**- ਉਹ ਬਿੰਬ ਜੋ ਮਨੁੱਖ ਦੇ ਮਨ ਅੰਦਰ ਟੁੱਟ-ਭੱਜ ਦੀ ਤਸਵੀਰ ਨੂੰ ਪੇਸ਼ ਕਰੇ ਮਨੋਵਿਗਿਆਨਕ ਬਿੰਬ ਹੈ। ਕੌਂਕੇ ਕਾਵਿ ਪਾਠਕ ਦੇ ਅੰਦਰ ਅਜਿਹੀ ਟੁੱਟ-ਭੱਜ ਅਤੇ ਉਧੇੜ-ਬੁਣ ਦੀ ਤਸਵੀਰ ਨੂੰ ਪੇਸ਼ ਕਰਦਾ ਹੈ। ਮਨੁੱਖ ਦੇ ਮਨ ਅੰਦਰ ਜੋ ਕੁਝ ਵਾਪਰ ਰਿਹਾ ਹੈ, ਕਿਹੋ ਜਿਹੇ ਭਾਵ ਪੈਦਾ ਹੋ ਰਹੇ ਹਨ, ਉਸ ਦੀ ਸੋਚ ਆਦਿ ਦੀ ਤਸਵੀਰ ਅਮਰਜੀਤ ਕੌਂਕੇ ਕਾਵਿ ਵਿਚ ਬਹੁਤ ਹੀ ਸੋਹਣੇ ਢੰਗ ਨਾਲ ਪੇਸ਼ ਹੋਈ ਹੈ। ਪ੍ਰਮੀ ਦਾ ਪਿਆਰ ਟੁੱਟਣ ਅਤੇ ਫਿਰ ਪਿਆਰ ਪੈਦਾ ਹੋਣ ਤੇ ਉਹ ਜੋ ਮਹਿਸੂਸ ਕਰਦਾ ਹੈ, ਉਸ ਦੇ ਮਨੋਵਿਗਿਆਨਕ ਬਿੰਬ ਦੀ ਉਦਾਹਰਨ ਹੇਠ ਲਿਖੇ ਅਨੁਸਾਰ ਹੈ।

"ਜਦੋਂ ਪਿਆਰ ਟੁੱਟਦਾ ਹੈ

ਤਾਂ ਕੁਝ ਕੁ ਦਿਨ ਸੋਚਦਾ ਹੈ

ਇਹ ਉਦਾਸ ਮਨ

ਕਿ ਮੁੜ ਕੇ ਪਿਆਰ ਦੀਆਂ ਇਨ੍ਹਾਂ ਪਗਡੰਡੀਆਂ ਤੇ

ਪੈਰ ਨਹੀਂ ਧਾਰਨਾ

------------

ਤਾਂ ਮਨ ਇਹ ਪਾਗਲ

ਫੇਰ ਕਰਨ ਲੱਗ ਪੈਂਦਾ

ਪਿਆਰ"[54]

**ਇਤਿਹਾਸਕ ਬਿੰਬ** - ਉਹ ਬਿੰਬ ਜਿਸ ਰਾਹੀਂ ਇਤਿਹਾਸ ਦੀ ਝਲਕ ਉਤਪੰਨ ਹੋਵੇ ਉਸ ਨੂੰ ਇਤਿਹਾਸਕ ਬਿੰਬ ਕਿਹਾ ਜਾਂਦਾ ਹੈ। ਜਿਵੇਂ :

"ਬੜੀ ਵਾਰ ਮੈਂ ਹੋਵਾਂਗਾ

ਪ੍ਰਸਥਿਤੀਆਂ ਦੇ ਚਕਰਵਿਊ 'ਚ ਘਿਰਿਆ

ਮੇਰਾ ਅਰਜਨ ਬਾਪ

ਲੜ ਰਿਹਾ ਹੋਵੇਗਾ

ਦੂਰ ਸ਼ਕੁਨੀ ਦੀਆਂ ਚਾਲਾਂ 'ਚ ਉਲਝਿਆ

ਮੇਰੇ ਦੁਆਲੇ ਹੋਵੇਗੀ

ਸਾਜਿਸ਼ੀ ਤੀਰਾਂ ਦੀ ਬਰਸਾਤ

ਐਨ ਉਸ ਵੇਲੇ ਤੂੰ ਮੇਰੇ ਹੱਥ ਵਿਚ

ਰਥ ਦਾ ਟੁੱਟਿਆ ਹੋਇਆ ਪਹੀਆ ਬਣ ਜਾਵੀਂ"[55]

**ਅਲੰਕਾਰ**

ਅਲੰਕਾਰ ਕਵਿਤਾ ਦੇ ਗਹਿਣੇ ਹੁੰਦੇ ਹਨ ਜੋ ਕਵਿਤਾ ਨੂੰ ਸਜਾਉਂਦੇ ਹਨ। ਜਿਵੇਂ ਇਕ ਔਰਤ ਆਪਣੇ ਸਰੀਰ ਨੂੰ ਸੁੰਦਰ ਬਣਾਉਣ ਲਈ ਕਈ ਤਰ੍ਹਾਂ ਦੇ ਗਹਿਣੇ ਪਹਿਣਦੀ ਹੈ ਆਪਣੇ ਆਪ ਨੂੰ ਸਜਾਉਂਦੀ ਹੈ, ਉਸੇ ਤਰ੍ਹਾਂ ਕਵੀ ਵੀ ਆਪਣੀ ਕਵਿਤਾ ਨੂੰ ਸੁੰਦਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅਲੰਕਾਰਾਂ ਦੀ ਵਰਤੋਂ ਕਰਦਾ ਹੈ। "ਅਲੰਕਾਰ ਦਾ ਅੱਖਰੀ ਅਰਥ ਹੀ ਗਹਿਣੇ, ਜੇਵਰ, ਭੂਸ਼ਣ, ਟੂੰਬਾਂ, ਸਜਾਵਟ ਆਦਿ ਹਨ। ਅਲੰਕਾਰ, ਇਹ ਨਾਂ ਹੀ ਇਸ ਕਰਕੇ ਪਿਆ ਹੈ ਕਿ ਇਸ ਦਾ ਕੰਮ ਤੇ ਇਸ ਦਾ ਮਨੋਰਥ ਹੀ ਸਜਾਵਟ ਹੈ ਪਰ ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਅਲੰਕਾਰਾਂ ਦੀ ਸਾਜ-ਸਜਾਵਟ ਕਵਿਤਾ ਉੱਤੇ ਭਾਰੀ ਨਹੀਂ ਹੋਣੀ ਚਾਹੀਦੀ ਹੈ ਸਗੋਂ ਕਵਿਤਾ ਦੇ ਭਾਵ ਤੇ ਪ੍ਰਭਾਵ ਉਜਾਗਰ ਕਰਨ ਵਾਲੀ ਹੋਣੀ ਚਾਹੀਦੀ ਹੈ।"[56] ਅਲੰਕਾਰ ਕਵਿਤਾ ਦਾ ਜਰੂਰੀ ਤੱਤ ਹੁੰਦੇ ਹਨ। ਇਹ ਕਾਵਿ ਨੂੰ ਸੁਹਜ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਅਲੰਕਾਰਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ ਜੋ ਹੇਠ ਲਿਖੇ ਅਨੁਸਾਰ ਹਨ।

- ਸ਼ਬਦ ਅਲੰਕਾਰ
- ਅਰਥ ਅਲੰਕਾਰ
- ਸ਼ਬਦਾਰਥ ਅਲੰਕਾਰ

ਸ਼ਬਦਾਂ ਦੀ ਸਹਾਇਤਾ ਨਾਲ ਕਵਿਤਾ ਵਿਚ ਚਮਤਕਾਰ ਪੈਦਾ ਕੀਤਾ ਜਾਵੇ ਉਸ ਨੂੰ ਸ਼ਬਦ ਅਲੰਕਾਰ ਕਹਿੰਦੇ ਹਨ। ਜੋ ਅਲੰਕਾਰ ਕਵਿਤਾ ਦੇ ਅਰਥਾਂ ਉੱਤੇ ਨਿਰਭਰ ਹੁੰਦੇ ਹਨ ਉਹਨਾਂ ਨੂੰ ਅਰਥ ਅਲੰਕਾਰ ਆਖਦੇ ਹਨ। ਜਿਹੜੇ ਸ਼ਬਦ ਅਤੇ ਅਰਥ ਦੋਹਾਂ 'ਤੇ ਨਿਰਭਰ ਹੁੰਦੇ ਹਨ ਉਨ੍ਹਾਂ ਨੂੰ ਸ਼ਬਦਾਰਥ ਅਲੰਕਾਰ ਕਿਹਾ ਜਾਂਦਾ ਹੈ।

ਅਮਰਜੀਤ ਦੀ ਕਵਿਤਾ ਵਿਚ ਅਲੰਕਾਰਾਂ ਦੀ ਝਲਕ ਪ੍ਰਤੱਖ ਦੇਖਣ ਨੂੰ ਮਿਲਦੀ ਹੈ। ਕੌਂਕੇ ਨੇ ਆਪਣੀ ਕਵਿਤਾ ਵਿਚ ਅਲੰਕਾਰਾਂ ਦੀ ਵਰਤੋਂ ਕਵਿਤਾ ਨੂੰ ਸੁਹਜਮਈ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਹੀ ਨਹੀਂ ਕੀਤੀ, ਸਗੋਂ ਵਿਚਾਰਾਂ ਨੂੰ ਵਧੇਰੇ

ਸਪਸ਼ਟ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਵੀ ਕੀਤੀ ਹੈ।ਕੌਂਕੇ ਦੀ ਕਵਿਤਾ ਵਿਚ ਅਲੰਕਾਰਾਂ ਦੇ ਨਮੂਨੇ ਹੇਠ ਲਿਖੇ ਅਨੁਸਾਰ ਹਨ।

**ਉਪਮਾ ਅਲੰਕਾਰ** – "ਏਨਾ ਹੈ ਮੇਰੇ ਅੰਦਰ ਪਿਆਰ
ਜਿੰਨਾ ਸਾਗਰ 'ਚ ਪਾਣੀ
ਜਿੰਨੇ ਅੱਖਾਂ 'ਚ ਅੱਥਰੂ"[57] ਸ਼ਬਦ 24

ਉਪਰੋਕਤ ਕਾਵਿ ਟੋਟੇ ਵਿਚ ਪਿਆਰ ਉਪਮੇਯ ਹੈ ਕਿਉਕਿਂ ਪਿਆਰ ਨੂੰ ਉਪਮਾਇਆ ਜਾ ਰਿਹਾ ਹੈ। 'ਸਾਗਰ' ਅਤੇ 'ਅੱਖਾਂ' ਜਿਨ੍ਹਾਂ ਨਾਲ ਪਿਆਰ ਦੀ ਉਪਮਾ ਕੀਤੀ ਜਾ ਰਹੀ ਹੈ, ਉਪਮਾਨ ਹਨ।

**ਰੂਪਕ ਅਲੰਕਾਰ** – "ਤੂੰ ਉਹ ਧਰਤੀ ਹੈਂ
ਜਿਸ ਵਿਚੋਂ ਉਠਦੀ ਮਹਿਕ ਪਛਾਣ ਕੇ
ਮੇਰੇ ਅੰਦਰ ਘੋੜੇ
ਸਰਪਟ ਦੌੜਨ ਲਗਦੇ ਨੇ
ਉਨ੍ਹਾਂ ਦੀ ਟਾਪਾਂ ਦੀ ਆਵਾਜ
ਜ਼ਮੀਨ ਆਸਮਾਨ ਦੇ ਕੰਨ ਚੀਰਦੀ
ਤੇ ਉਨ੍ਹਾਂ ਦਾ ਹਿਣਕਣਾ
ਦੂਰ ਦੁਮੇਲ ਤੱਕ ਸੁਣਦਾ ਹੈ"[58]

**ਅਨੁਪ੍ਰਾਸ ਅਲੰਕਾਰ** – "ਸ਼ਬਦ ਸਾਡਾ ਦੁੱਖ ਨੇ
ਸਾਡਾ ਸੁਖ ਵੀ ਨੇ ਸ਼ਬਦ
ਸ਼ਬਦ ਸਾਡੀ ਸੀਮਾ
ਸਾਡੀ ਸੰਭਾਵਨਾ ਵੀ ਨੇ ਸ਼ਬਦ
ਸ਼ਬਦ ਸਾਡੀ ਕਵਿਤਾ

ਸਾਡੇ ਹਥਿਆਰ ਵੀ ਨੇ ਸ਼ਬਦ''[59]

ਉਪਰੋਕਤ ਕਾਵਿ ਟੋਟੇ ਵਿਚ ਅਮਰਜੀਤ ਕੌਂਕੇ ਨੇ 'ਸ' ਸ਼ਬਦ ਦੀ ਵਾਰ-ਵਾਰ ਵਰਤੋਂ ਕੀਤੀ ਹੈ ਜੋ ਕਵਿਤਾ ਵਿਚ ਸੁੰਦਰਤਾ ਅਤੇ ਲੈਆਤਮਕਤਾ ਪੈਦਾ ਕਰਦੀ ਹੈ। ਇਸ ਤਰ੍ਹਾਂ ਅਨੁਪ੍ਰਾਸ਼ ਅਲੰਕਾਰ ਕਾਵਿ ਭਾਸ਼ਾਈ ਸੰਚਾਰ ਵਿਚ ਵਾਧਾ ਕਰਦੇ ਹਨ।

ਇਸ ਪ੍ਰਕਾਰ ਉਪਰੋਕਤ ਵਿਭਿੰਨ ਅਲੰਕਾਰਾਂ ਦਾ ਕੌਂਕੇ ਕਾਵਿ ਚਰਚਾ ਅਨੁਸਾਰ ਇਹ ਨਤੀਜਾ ਨਿਕਲਦਾ ਹੈ ਕਿ ਕਾਵਿ ਵਿਚ ਬਾਕੀ ਕਾਵਿ-ਜੁਗਤਾਂ ਵਾਂਗ ਅਲੰਕਾਰਾਂ ਦੀ ਵੀ ਵਿਸ਼ੇਸ਼ ਥਾਂ ਹੈ। ਕਾਵਿ ਵਿਚ ਅਲੰਕਾਰਾਂ ਦੇ ਰਾਹੀਂ ਸੰਚਾਰ ਨੇ ਆਪਣੀ ਵੱਖਰੀ ਹੋਂਦ ਪ੍ਰਗਟਾਈ ਹੈ ਜੋ ਆਮ ਭਾਸ਼ਾ ਸੰਚਾਰ ਤੋਂ ਕਾਵਿ ਭਾਸ਼ਾ ਸੰਚਾਰ ਦੀ ਭਿੰਨਤਾ ਸਪਸ਼ੱਟ ਹੁੰਦੀ ਹੈ।

ਸਮਾਜ, ਭਾਸ਼ਾ ਤੇ ਕਾਵਿ ਸਿਰਜਣਾ ਦੀ ਪ੍ਰਕਿਰਤੀ ਕਿਸੇ ਨਾ ਕਿਸੇ ਰੂਪ ਵਿਚ ਅੰਤਰ ਸੰਬੰਧਿਤ ਹੁੰਦੀ ਹੈ। ਜੇਕਰ ਭਾਸ਼ਾ ਦੀ ਸੰਰਚਨਾ ਨਾ ਹੋਵੇ ਤਾਂ ਸਭਿਆਚਾਰ ਦਾ ਵਜੂਦ ਸੰਭਵ ਨਹੀਂ ਹੋ ਸਕਦਾ ਹੈ ਅਤੇ ਭਾਸ਼ਾ ਦਾ ਵੀ ਸਹੀ ਅਰਥਾਂ ਵਿਚ ਵਜੂਦ ਨਹੀਂ ਰਹਿੰਦਾ ਜਦੋਂ ਤੱਕ ਉਹ ਸਭਿਆਚਾਰ ਨਾਲ ਰਚੀ ਨਾ ਹੋਵੇ। ਇਸੇ ਤਰ੍ਹਾਂ ਕਾਵਿ ਭਾਸ਼ਾਈ ਜੜ੍ਹਾਂ ਨੂੰ ਮਜਬੂਤ ਕਰਨ ਲਈ ਕੌਂਕੇ ਕਾਵਿ ਵਿਚ ਸਿਰਜੀ ਗਈ ਕਾਵਿ ਭਾਸ਼ਾਈ ਬਣਤਰ ਵਿਧੀ ਜੋ ਕਿ ਰੂਪਾਤਮਿਕਤਾ, ਪਰਾਹਨ, ਕਾਵਿ ਭਾਸ਼ਾਈ ਜੁਗਤਾਂ ਆਦਿ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਕਵੀ ਸਮਾਜ ਵਿਚ ਵਿਚਰਦਾ ਹੋਇਆ ਕਵਿਤਾ ਦੀ ਸਿਰਜਣਾ ਕਰਦਾ ਹੈ। ਉਸ ਦੀਆਂ ਰਚਨਾਵਾਂ ਵਿਚ ਸਮਾਜ ਦੀ ਝਲਕ ਸਪਸ਼ੱਟ ਹੁੰਦੀ ਹੈ। ਕਵੀ ਦੁਆਰਾ ਸਿਰਜਿਆ ਨਿਵੇਕਲਾ ਸਭਿਆਚਾਰ ਕਾਵਿ ਭਾਸ਼ਾਈ ਚਿਹਨਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਕੌਂਕੇ ਕਾਵਿ ਦੁਆਰਾ ਸਿਰਜੇ ਗਏ ਕਾਵਿ ਚਿਹਨ ਦਾ ਮੰਤਵ ਪੰਰਪਰਾਗਤ ਚਿਹਨਾਂ ਦੀ ਬਜਾਏ ਨਵੇਂ ਕਾਵਿ ਭਾਸ਼ਾਈ ਚਿਹਨਾਂ ਦੀ ਸਥਾਪਨਾ ਹੈ। ਨਵੇਂ ਚਿਹਨਾਂ ਦੀ ਝਲਕ ਕੌਂਕੇ ਕਾਵਿ ਵਿਚ ਸਹਿਜ ਹੀ ਦੇਖਣ ਨੂੰ ਮਿਲਦੀ ਹੈ। ਇਸ ਪ੍ਰਕਾਰ ਆਧੁਨਿਕ ਵਿਚਾਰਧਾਰਾ ਦੇ ਤਹਿਤ ਕੌਂਕੇ ਕਾਵਿ ਵਿਚ ਪ੍ਰਸਤੁਤ ਕਾਵਿ ਚਿਹਨ ਨਿਵੇਕਲੇ ਕਾਵਿ ਸਭਿਆਚਾਰ ਦੀ ਸਿਰਜਣਾ ਕਰਦੇ ਹਨ। ਇਸੇ ਤਰ੍ਹਾਂ ਹੀ ਕੌਂਕੇ ਕਾਵਿ ਵਿਚ ਬਿੰਬ, ਅਲੰਕਾਰ ਡੂੰਘੇ ਸੁਹਜਮੂਲਕ ਅਰਥ ਪਸਾਰ ਰਾਹੀਂ ਵਿਲਖਣ ਕਾਵਿ ਭਾਸ਼ਾ ਦੀ ਸਿਰਜਣਾਂ ਕਰਦੇ ਹਨ। ਕਵਿਤਾ ਦੀ ਸੰਰਚਨਾ ਕੌਂਕੇ ਦੀ ਕਾਵਿ ਭਾਸ਼ਾਈ ਬਣਤਰ ਦੇ ਮਹੱਤਵਪੂਰਨ ਦ੍ਰਿਸ਼ਟੀਕੋਣ ਨੂੰ ਪੇਸ਼ ਕਰਕੇ ਕਾਵਿ ਭਾਸ਼ਾਈ ਸੰਚਾਰ ਦੀਆਂ ਖੂਬੀਆਂ ਨੂੰ ਦਰਸਾਉਂਦੀ ਹੈ।

## ਹਵਾਲੇ ਅਤੇ ਟਿਪਣੀਆਂ


1. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਪੰਨਾ-12.
2. ਰਜਿੰਦਰ ਚੋਹਾਨ, ਸਾਹਿਤ ਬੋਧ, ਪੰਨਾ-6.
3. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਪੰਨਾ-12.
4. ਅਮਰਜੀਤ ਕੌਂਕੇ, ਪਿਆਸ, ਪੰਨਾ-13.
5. ਉਹੀ, ਪੰਨਾ-16.
6. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-89
7. ਅਮਰਜੀਤ ਕੌਂਕੇ, ਪਿਆਸ, ਪੰਨਾ-58.
8. ਉਹੀ, ਪੰਨਾ-68.
9. ਉਹੀ, ਪੰਨਾ-18.
10. ਉਹੀ, ਪੰਨਾ-63.
11. ਉਹੀ, ਪੰਨਾ-50.
12. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਨ, ਪੰਨਾ-84.
13. ਉਹੀ, ਪੰਨਾ-25.
14. ਅਮਰਜੀਤ ਕੌਂਕੇ, ਪਿਆਸ, ਪੰਨਾ-29.
15. ਉਹੀ, ਪੰਨਾ-80.
16. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-96.

17. ਅਮਰਜੀਤ ਕੌਂਕੇ, ਪਿਆਸ, ਪੰਨਾ-51.
18. ਉਹੀ, ਪੰਨਾ-62.
19. ਉਹੀ, ਪੰਨਾ-63.
20. ਉਹੀ, ਪੰਨਾ-143.
21. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਨ, ਪੰਨਾ-84.
22. ਉਹੀ
23. ਅਮਰਜੀਤ ਕੌਂਕੇ, ਪਿਆਸ, ਪੰਨਾ-42.
24. ਉਹੀ, ਪੰਨਾ-70.
25. ਉਹੀ, ਪੰਨਾ-19.
26. ਉਹੀ ਪੰਨਾ-20.
27. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਨ, ਪੰਨਾ-84.
28. ਅਮਰਜੀਤ ਕੌਂਕੇ, ਪਿਆਸ, ਪੰਨਾ-63.
29. ਉਹੀ, ਪੰਨਾ-76.
30. ਉਹੀ, ਪੰਨਾ-83.
31. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-72.
32. ਉਹੀ, ਪੰਨਾ-16.
33. ਉਹੀ, ਪੰਨਾ-24.
34. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-51.
35. ਕਪੂਰ ਕੌਰ, ਤਾਰਾ ਸਿੰਘ ਦੀ ਕਾਵਿ ਭਾਸ਼ਾ (ਥੀਸਿਸ), ਪੰਨਾ-68.
36. ਅਮਰਜੀਤ ਕੌਂਕੇ, ਪਿਆਸ, ਪੰਨਾ-63.
37. ਉਹੀ, ਪੰਨਾ-46.
38. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-48.
39. ਅਮਰਜੀਤ ਕੌਂਕੇ, ਪਿਆਸ, ਪੰਨਾ-87.
40. ਉਹੀ
41. ਕੌਂਕੇ ਦਾ ਕਾਵਿ ਪੈਰਾਡਾਇਮ, ਪੰਨਾ-64.
42. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-131.
43. ਉਹੀ, ਪੰਨਾ-129.
44. ਉਹੀ, ਪੰਨਾ-92.

45. ਅਮਰਜੀਤ ਕੌਂਕੇ, ਪਿਆਸ, ਪੰਨਾ-31.

46. ਉਹੀ

47. ਸੰਦੀਪ ਕੌਰ, ਰਮਨਦੀਪ ਕੌਰ, ਅਮਰਜੀਤ ਕੌਂਕੇ ਕਵਿਤਾ ਸਵੈ-ਚਿੰਤਨ ਤੋਂ ਯੁੱਗ-ਚੇਤਨਾ ਤੱਕ, ਪੰਨਾ-105.

48. ਅਮਰਜੀਤ ਕੌਂਕੇ,ਸ਼ਬਦ ਰਹਿਣਗੇ ਕੋਲ, ਪੰਨਾ-28.

49. ਉਹੀ

50. ਉਹੀ

51. ਉਹੀ

52. ਅਮਰਜੀਤ ਕੌਂਕੇ, ਪਿਆਸ, ਪੰਨਾ-72.

53. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-57.

54. ਉਹੀ, ਪੰਨਾ-34.

55. ਉਹੀ, ਪੰਨਾ-58.

56. ਉਹੀ, ਪੰਨਾ-24.

## ਅਧਿਆਇ-ਤੀਜਾ

## ਅਮਰਜੀਤ ਕੌਂਕੇ ਕਾਵਿ : ਅਰਥ ਸਿਰਜਣ ਵਿਧੀ ਦੇ ਨਵੇਂ ਕਾਵਿ ਭਾਸ਼ਾਈ ਸੰਕਲਪ

ਆਮ ਭਾਸ਼ਾ, ਸਾਹਿਤਕ ਆਲੋਚਨਾ ਦੀ ਭਾਸ਼ਾ ਅਤੇ ਸਾਹਿਤ ਸਿਰਜਣਾਤਮਕ ਦੀ ਭਾਸ਼ਾ ਵਿਚ ਬਹੁਤ ਅੰਤਰ ਹੁੰਦਾ ਹੈ। ਸਾਹਿਤ ਦੀ ਹਰ ਇਕ ਵਨੰਗੀ ਕਲਾਮਈ ਅਤੇ ਸੁਹਜਮਈ ਹੁੰਦੀ ਹੈ।ਆਲੋਚਨਾ ਦੀ ਭਾਸ਼ਾ ਸਾਹਿਤ ਦੀ ਤਰ੍ਹਾਂ ਕਲਾਮਈ ਅਤੇ ਸੁਹਜਮਈ ਨਹੀਂ ਹੁੰਦੀ ਹੈ, ਇਹ ਤਕਨੀਕੀ ਭਾਸ਼ਾ ਹੁੰਦੀ ਹੈ ਕਿਉਂਕਿ ਸਾਹਿਤ ਆਲੋਚਨਾ, ਸਾਹਿਤ ਦੀ ਤਰ੍ਹਾਂ ਸੂਖਮ ਅਤੇ ਲਲਿਤ ਨਹੀਂ ਹੁੰਦੀ ਹੈ।ਸਿਰਜਣਾਤਮਕ ਸਾਹਿਤ ਦੇ ਪਾਠਕ ਸਾਧਾਰਨ ਪਧੱਰ ਦੇ ਵੀ ਹੁੰਦੇ ਹਨ ਅਤੇ ਬੋਧਿਕ ਪਧੱਰ ਦੇ ਵੀ ਹੁੰਦੇ ਹਨ। ਆਲੋਚਨਾ ਬੋਧਿਕ ਪਧੱਰ ਦੇ ਪਾਠਕਾਂ, ਖੋਜੀਆਂ, ਆਲੋਚਨਾ ਅਤੇ ਸਿਧਾਂਤਕ ਸੂਝ ਤੇ ਆਧਾਰਿਤ ਹੁੰਦੀ ਹੈ। ਭਾਸ਼ਾ ਦਾ ਅਧਿਐਨ ਕਰਨ ਲਈ ਭਾਸ਼ਾ ਵਿਗਿਆਨ ਦੀ ਜਾਣਕਾਰੀ ਹੋਣਾ ਜਰੂਰੀ ਹੈ। ਭਾਸ਼ਾ ਵਿਗਿਆਨ ਅਤੇ ਸਾਹਿਤ ਦੀ ਗੂੜੀ ਸਾਂਝ ਹੈ ਕਿਉਂਕਿ ਭਾਸ਼ਾ ਸਾਹਿਤ ਦਾ ਮਾਧਿਅਮ ਹੈ। ਇਸ ਲਈ ਸਾਹਿਤ ਦਾ ਅਧਿਐਨ ਕਰਨ ਲਈ ਭਾਸ਼ਾ ਦਾ ਅਧਿਐਨ ਕਰਨਾ ਜਰੂਰੀ ਹੈ।ਅਰਥ ਸਿਰਜਣ ਵਿਧੀ ਕਾਵਿ ਭਾਸ਼ਾਈ ਸੰਕਲਪ ਦੀ ਰੂਪ ਰੇਖਾ ਉਲੀਕਣ ਲਈ ਭਾਸ਼ਾ ਵਿਗਿਆਨ ਅਤੇ ਸਾਹਿਤਕ ਦਾ ਅਧਿਅਨ ਜਰੂਰੀ ਹੈ ਕਿਉਂਕਿ ਭਾਸ਼ਾ ਵਿਗਿਆਨ ਅਤੇ ਸਾਹਿਤਕ ਅਧਿਐਨ ਦੋਵੇਂ ਆਪਸ ਵਿਚ ਅੰਤਰ-ਸੰਬੰਧਿਤ ਹਨ।ਕਾਵਿ ਇਕ ਭਾਸ਼ਾਈ ਸੰਚਾਰ ਵੰਨਗੀ ਹੈ।ਕਾਵਿ ਦੇ ਅਧਿਐਨ ਲਈ ਭਾਸ਼ਾ ਵਿਗਿਆਨ ਦੇ ਸਿਧਾਂਤਕ ਅਤੇ ਵਿਵਹਾਰਕ ਪੱਖ ਦਾ ਅਧਿਐਨ ਵਿਸ਼ੇਸ਼ ਮਹੱਤਤਾ ਰੱਖਦਾ ਹੈ।

ਸਾਹਿਤ ਅਤੇ ਭਾਸ਼ਾ ਵਿਗਿਆਨ ਦਾ ਨਿਖੇੜਾ ਕਰਨਾ ਜਰੂਰੀ ਹੈ।ਸਾਹਿਤ ਵਿਚ ਪਰਖ, ਆਲੋਚਨਾ, ਪੜਚੋਲ, ਸਮਾਲੋਚਨਾ, ਪ੍ਰੰਸਸਾ, ਨੁਕਤਾਚੀਨੀ ਆਦਿ ਸ਼ਬਦਾਵਲੀ ਹੁੰਦੀ ਹੈ ਕਿਉਂਕਿ ਸਾਹਿਤਕ ਵਿਸ਼ਲੇਸ਼ਣ ਵਿਚ ਨਿੱਜੀ ਅਤੇ ਭਾਵੁਕ ਵਿਚਾਰਾਂ ਦਾ ਵੀ ਦੱਖਲ ਹੁੰਦੀ ਹੈ। ਜਦ ਕਿ ਭਾਸ਼ਾ ਵਿਗਿਆਨ ਵਿਚ, ਵਿਗਿਆਨ ਸ਼ਬਦਾਵਲੀ ਨਿਯਮਤ ਨਿਯਮਾਂ ਦੀ ਵਰਤੋਂ ਹੀ ਹੁੰਦੀ ਹੈ। ਭਾਸ਼ਾ ਵਿਗਿਆਨ ਵਿਸ਼ਲੇਸ਼ਣ ਦਾ ਆਧਾਰ ਬੋਲ-ਚਾਲ ਦੀ ਭਾਸ਼ਾ ਦੇ ਆਧਾਰ ਤੇ ਹੁੰਦਾ ਹੈ ਅਤੇ ਸਾਹਿਤਕ ਵਿਸ਼ਲੇਸ਼ਣ ਦਾ ਆਧਾਰ ਲਿਪੀਬਧ ਲਿਖਤ ਭਾਸ਼ਾ ਹੁੰਦੀ ਹੈ। ਬੋਲ-ਚਾਲ ਦੀ ਭਾਸ਼ਾ ਪਹਿਲੇ ਨੰਬਰ ਤੇ ਆਉਂਦੀ

ਹੈ ਜਦ ਕਿ ਲਿਪੀਬੱਧ ਭਾਸ਼ਾ ਦੂਜੇ ਨੰਬਰ ਤੇ ਆਉਂਦੀ ਹੈ। ਭਾਸ਼ਾਈ ਸੰਰਚਨਾ ਦੀਆਂ ਮੂਲ ਇਕਾਈਆਂ ਧੁਨੀ, ਸ਼ਬਦ, ਵਾਕ ਹਨ। ਇਹਨਾਂ ਮੂਲ ਇਕਾਈਆਂ ਦੇ ਵਿਸ਼ਲੇਸ਼ਣ ਜਿਵੇਂ ਕਿ ਧੁਨੀ ਵਿਸ਼ਲੇਸ਼ਣ, ਸ਼ਾਬਦਿਕ ਵਿਸ਼ਲੇਸ਼ਣ ਅਤੇ ਵਾਕਗਤ ਵਿਸ਼ਲੇਸ਼ਣ ਦੇ ਆਧਾਰ ਤੇ ਹੀ ਅਰਥ-ਸਿਰਜਣ ਦਾ ਜਿਕਰ ਕਰਨਾ ਉਚਿਤ ਹੈ। ਭਾਸ਼ਾ ਵਿਗਿਆਨ ਦੇ ਅੰਤਰਗਤ ਅਰਥ ਦਾ ਵਿਸਥਾਰ ਪੂਰਵਕ ਅਧਿਐਨ ਕਈ ਭਾਸ਼ਾ ਵਿਗਿਆਨੀਆਂ ਨੇ ਕੀਤਾ ਹੈ।

ਅਰਥ ਦੇ ਅਧਿਐਨ ਨੂੰ ਅਰਥ ਵਿਗਿਆਨ ਕਿਹਾ ਜਾਂਦਾ ਹੈ। ਅਰਥ ਸ਼ਬਦ ਦੀ ਆਤਮਾ ਹੁੰਦੇ ਹਨ। ਹਰ ਸ਼ਬਦ ਕਿਸੇ ਨਾ ਕਿਸੇ ਅਰਥ, ਵਿਚਾਰ ਨੂੰ ਪ੍ਰਗਟ ਕਰਦਾ ਹੈ। ਪਹਿਲਾ ਅਰਥ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਨਹੀਂ ਸਮਝਿਆ ਜਾਂਦਾ ਸੀ ਪਰ ਭਾਸ਼ਾ ਦਾ ਮੁੱਖ ਮੰਤਵ ਆਪਣੇ ਭਾਵਾਂ ਨੂੰ ਦੂਜਿਆਂ ਤੱਕ ਪਹੁੰਚਾਉਣਾ ਹੈ। ਅਜਿਹਾ ਅਰਥਾਂ ਉਪਰ ਹੀ ਆਧਾਰਿਤ ਹੈ। ਅਰਥਾਂ ਤੋਂ ਬਿਨਾਂ ਭਾਸ਼ਾ ਦੀ ਕੋਈ ਮਹੱਤਤਾ ਨਹੀਂ ਹੈ। ਸ਼ਬਦ ਅਤੇ ਅਰਥ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਇਨ੍ਹਾਂ ਨੂੰ ਇੱਕ-ਦੂਜੇ ਤੋਂ ਵੱਖ ਕਰਨਾ ਮੁਸ਼ਕਿਲ ਹੈ। ਅਰਥ ਅਤੇ ਸ਼ਬਦ ਇਕੋ ਸਿੱਕੇ ਦੇ ਦੋ ਪਹਿਲੂ ਹਨ। ਪ੍ਰਾਚੀਨ ਕਾਲ ਵਿਚ ਸ਼ਬਦਾਂ ਜਾਂ ਕਿਸੇ ਚੀਜ਼/ਵਸਤੂ ਦੇ ਰੂਪ ਉੱਪਰ ਹੀ ਜੋਰ ਦਿੱਤਾ ਜਾਂਦਾ ਸੀ ਅਰਥਾਤ ਸ਼ਬਦਾਂ ਨੂੰ ਵਸਤੂਆਂ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਸੀ ਅਤੇ ਅਰਥਾਂ ਨੂੰ ਸਮਝ ਲਿਆ ਜਾਂਦਾ ਸੀ, ਪਰ ਬਾਅਦ ਵਿਚ ਇਹ ਖੋਜ ਕੀਤੀ ਗਈ ਕਿ ਹਰ ਸ਼ਬਦ ਦਾ ਕੋਈ ਨਾ ਕੋਈ ਅਰਥ ਜਰੂਰ ਹੁੰਦਾ ਹੈ। ਇਸ ਤਰ੍ਹਾਂ ਸ਼ਬਦ ਦੇ ਰੂਪ ਨੂੰ ਦੇਖ ਕੇ ਉਸ ਦੇ ਅਰਥ ਨੂੰ ਸਮਝਿਆਂ ਜਾ ਸਕਦਾ ਹੈ। ਅਰਥ ਵਿਗਿਆਨ ਮਨੁੱਖੀ ਦਿਮਾਗ ਦੇ ਅਧਿਐਨ ਦਾ ਕੇਂਦਰ ਹੈ। ਅਰਥ ਨਾਲ ਸੰਬੰਧਿਤ ਪ੍ਰਕਿਰਿਆ ਮਾਨਸਿਕ ਪਧੱਰ ਉਤੇ ਹੀ ਵਾਪਰਦੀ ਹੈ। ਇਸ ਲਈ ਇਸ ਨੂੰ ਮਨੋਵਿਗਿਆਨ ਦਾ ਵਿਸ਼ਾ ਵੀ ਮੰਨਿਆ ਜਾਂਦਾ ਹੈ। ਅਰਥ ਦਾ ਪ੍ਰਗਟਾਵਾ ਸ਼ਬਦਾਂ ਨਾਲ ਹੁੰਦਾ ਹੈ। ਇਸ ਲਈ ਸ਼ਬਦਾਂ ਰਾਹੀਂ ਵੀ ਅਰਥਾਂ ਦਾ ਅਧਿਐਨ ਹੋ ਸਕਦਾ ਹੈ। ਇਸੇ ਤਰ੍ਹਾਂ ਦੇ ਅਧਿਐਨ ਨੂੰ ਭਾਸ਼ਾ ਵਿਗਿਆਨ ਵਿਚ ਸ਼ਾਮਿਲ ਕੀਤਾ ਗਿਆ ਹੈ।

ਅਰਥ ਵਿਗਿਆਨ ਭਾਸ਼ਾ ਵਿਗਿਆਨ ਦੀ ਇੱਕ ਸ਼ਾਖਾ ਹੈ। ਡਾ.ਵੇਦ ਅਗਨੀ ਹੋਤਰਤੀ ਨੇ ਅਰਥ ਵਿਗਿਆਨ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ, "ਅਰਥ ਵਿਗਿਆਨ, ਭਾਸ਼ਾ ਵਿਗਿਆਨ ਦੀ ਉਹ ਸ਼ਾਖਾ ਹੈ, ਜਿਸ ਅਧੀਨ ਅਰਥਾਂ (ਭਾਸ਼ਾਈ ਇਕਾਈਆ ਦੇ ਅਰਥਾਂ) ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਰੂਪ ਜਾਂ ਨਾਮ ਅਤੇ ਵਸਤੂ ਦੇ ਆਪਸੀ ਸੰਬੰਧਾਂ ਦੀ ਪੜਚਾਲ ਦਾ ਵਿਗਿਆਨ ਹੈ। ਇਸ ਵਿਚ ਭਾਸ਼ਾਈ ਸਾਰਥਕਤਾ ਦੇ ਨੇਮਾਂ/ਸਥਿਤੀਆਂ ਦਾ ਲੇਖਾ ਜੋਖਾ ਕੀਤਾ ਜਾਂਦਾ ਹੈ"।[1] ਅਰਥ ਇੱਕ ਅਜਿਹਾ ਸੰਕਲਪ ਹੈ, ਜਿਸ ਦੀ ਵਿਆਖਿਆ ਦਾ ਸੰਬੰਧ ਮਨੋਵਿਗਿਆਨ ਤੇ ਦਰਸ਼ਨ ਨਾਲ ਜੁੜਦਾ ਹੈ। ਔਜਨ ਅਤੇ ਰਿਚਰਡ ਦਾ ਵਿਚਾਰ ਸੀ ਕਿ ਅਰਥ ਦਾ ਸੰਬੰਧ ਚਿੰਨ੍ਹ, ਚਿਹਨਕ ਅਤੇ ਚਿਹਨਤ ਨਾਲ ਹੁੰਦਾ ਹੈ।ਇਸ ਲਈ ਇਸ ਦਾ ਸੰਬੰਧ ਭਾਸ਼ਾ ਵਿਗਿਆਨ ਤੱਕ ਹੀ ਸੀਮਿਤ ਨਹੀਂ ਹੁੰਦਾ ਹੈ। ਉਨ੍ਹਾਂ ਨੇ ਅਰਥ ਵਿਗਿਆਨ ਤੋਂ ਇਲਾਵਾ ਮਨੋਵਿਗਿਆਨ ਅਤੇ ਦਾਰਸਨਿਕ ਪੱਖਾਂ ਦਾ ਵੀ ਅਧਿਐਨ ਕੀਤਾ ਹੈ। ਅਰਥ ਵਿਗਿਆਨ ਨੂੰ 'ਸੀਮੈਂਟਿਕਸ' ਜਾਂ 'ਸੀਮੀਐਲੋਜੀ' ਕਿਹਾ ਜਾਂਦਾ ਹੈ। ਭਾਸ਼ਾ ਇੱਕ ਪ੍ਰਣਾਲੀ ਹੁੰਦੀ ਹੈ ਜਿਸ ਅਨੁਸਾਰ ਭਾਸ਼ਾ ਵਰਤੀ ਜਾਂਦੀ ਹੈ ਇਹ ਪ੍ਰਣਾਲੀ ਬਦਲਦੀ ਰਹਿੰਦੀ ਹੈ। ਮਨੁੱਖ ਪ੍ਰਣਾਲੀ ਦੇ ਅਨੁਸਾਰ ਭਾਸ਼ਾ ਦਾ ਪ੍ਰਯੋਗ ਨਹੀਂ ਕਰਦਾ ਹੈ ਅਤੇ ਨਾ ਹੀ ਵਿਆਕਰਨ

ਨਿਯਮਾਂ ਅਨੁਸਾਰ ਗੱਲ ਕਰਦੇ ਹਨ। ਇਸ ਲਈ ਅਰਥ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੀ ਉਪ-ਸ਼੍ਰੇਣੀ ਕਿਹਾ ਜਾਂਦਾ ਹੈ।

ਭਾਸ਼ਾ ਇੱਕ ਸੰਚਾਰ ਪ੍ਰਣਾਲੀ ਹੈ ਅਤੇ ਅਰਥ ਵਿਗਿਆਨ ਸੰਚਾਰ ਕੀਤੀ ਜਾਣ ਵਾਲੀ ਭਾਸ਼ਾ ਦੇ ਅਰਥ ਦਾ ਅਧਿਐਨ ਕਰਦਾ ਹੈ। ਅਜੋਕੇ ਸਮੇਂ ਵਿਚ ਅਰਥ ਵਿਗਿਆਨ ਵਿਚ ਭਾਸ਼ਾ ਦੀ ਵੱਡੇ ਪਧੱਰ ਤੇ ਵਿਆਖਿਆ ਕੀਤੀ ਜਾਂਦੀ ਹੈ। ਅਰਥ ਦਾ ਅਧਿਐਨ ਤਿੰਨ ਪਧੱਰਾਂ ਤੇ ਕੀਤਾ ਜਾਂਦਾ ਹੈ ਜੋ ਹੇਠ ਲਿਖੇ ਅਨੁਸਾਰ ਹਨ।

(1) ਸ਼ਾਬਦਿਕ ਅਰਥ ਵਿਗਿਆਨ

(2) ਵਿਵਹਾਰਕ ਅਰਥ ਵਿਗਿਆਨ

(3) ਅਰਥ ਅਤੇ ਵਾਕ ਦੀ ਸੰਰਚਨਾ

ਅਰਥ ਵਿਗਿਆਨ ਤੇ ਭਾਰਤੀ ਅਰਥ ਸਿਧਾਂਤ:-

ਭਾਰਤੀ ਵਿਦਵਾਨਾਂ ਤੇ ਅਰਥ ਸੰਬੰਧੀ ਵਿਚਾਰ ਬਹੁਤ ਪੁਰਾਣੇ ਹਨ। ਭਾਰਤੀ ਵਿਦਵਾਨਾਂ ਦੇ ਇਹ ਵਿਚਾਰ ਦਾਰਸ਼ਨਿਕ, ਧਾਰਮਿਕ ਜਾਂ ਫਿਰ ਸਾਹਿਤਕ ਵਿਚਾਰ-ਵਟਾਂਦਰੇ ਦੇ ਨਤੀਜੇ ਵਜੋਂ ਸਾਡੇ ਸਾਹਮਣੇ ਆਏ ਹਨ। ਉਹਨਾਂ ਨੇ ਸ਼ਬਦ ਅਤੇ ਵਸਤੂ ਦੇ ਸੰਬੰਧਾਂ ਦੀ ਪ੍ਰਕਿਰਤੀ ਦੇ ਆਧਾਰ ਉੱਤੇ ਅਰਥ ਦੇ ਸੰਕਲਪ ਨੂੰ ਸਪਸ਼ਟ ਕੀਤਾ ਹੈ। 'ਦੀਕਸ਼ਿਤ' ਅਤੇ 'ਭੱਟ' ਅਨੁਸਾਰ, "ਸ਼ਬਦਾਂ ਵਿਚ ਅਰਥ ਸ਼ਕਤੀ ਹੁੰਦੀ ਹੈ"[2] ਜਦ ਕਿ 'ਸਾਖਯਾ' ਅਤੇ 'ਵੇਕਾਂਤ' ਦੇ ਵਿਚਾਰ ਅਨੁਸਾਰ, "ਅਰਥ ਸ਼ਕਤੀ ਵਸਤੂਆਂ ਵਿਚ ਹੁੰਦੀ।"[3] ਬੋਧੀ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ "ਮਨੁੱਖ ਦੇ ਪ੍ਰੱਤਖਣ ਦਾ ਸਿੱਧਾ ਸੰਬੰਧ ਵਸਤੂਆਂ ਨਾਲ ਹੈ ਪਰ ਵਸਤੂਆਂ ਸ਼ਬਦਾਂ ਨੂੰ ਜਨਮ ਨਹੀਂ ਦਿੰਦੀਆਂ।"[4] ਅਰਥ ਬਾਰੇ ਭਾਰਤੀ ਵਿਦਵਾਨਾਂ ਨੇ ਤਿੰਨ ਸਿਧਾਂਤਾਂ ਦਾ ਵਰਨ ਕੀਤਾ ਹੈ ਜੋ ਹੇਠ ਲਿਖੇ ਅਨੁਸਾਰ ਹੈ।

1) ਅਪੋਹ ਸਿਧਾਂਤ

2) ਸੋਫਟ ਸਿਧਾਂਤ

3) ਧੁਨੀ ਸਿਧਾਂਤ

1) ਅਪੋਹ:- ਅਪੋਹ ਸਿਧਾਂਤ ਬੋਧੀ ਸਕੂਲ ਦੀ ਦੇਣ ਹੈ। ਅਪੋਹ ਤੋਂ ਭਾਵ ਹੈ 'ਨਕਾਰਨਾ'। ਇਨ੍ਹਾ ਦਾ ਮੰਤਵ ਹੈ ਕਿ ਸ਼ਬਦ ਅਤੇ ਵਸਤੂ ਦੇ ਸੰਬੰਧ ਵਿਚੋਂ ਅਰਥ ਪੈਂਦਾ ਨਹੀਂ ਹੁੰਦਾ, ਸਗੋਂ ਇਸ ਦੇ ਨਕਾਰਨ ਜਾਂ ਨਿਖੇਧ ਸਦਕਾ ਪੈਦਾ ਹੁੰਦਾ ਹੈ।ਅਪੋਹ ਸਿਧਿ ਵਿਚ ਰਤਨ ਕੀਰਤੀ ਦੇ ਅਨੁਸਾਰ, ਸ਼ਬਦਾਂ ਦੇ ਅਰਥ ਕੇਵਲ ਨਕਾਰਨ ਜਾਂ ਪੁਸ਼ਟੀ ਕਰਨ ਨਾਲ ਪੈਦਾ

ਨਹੀਂ ਹੁੰਦੇ, ਸਗੋਂ ਇਹ ਨਕਾਰਨਾ ਅਤੇ ਪੁਸ਼ਟੀ ਕਰਨਾ ਨਾਲੋਂ-ਨਾਲ ਚਲਦਾ ਹੈ। ਜਿਵੇਂ 'ਚਿੜੀ' ਸ਼ਬਦ ਦਾ ਉਚਾਰਨ ਹੁੰਦਾ ਹੈ ਤਾਂ ਬਾਕੀ ਸਭ ਪੰਛੀਆਂ ਨੂੰ ਨਕਾਰਿਆ ਗਿਆ ਹੈ ਜੋ ਚਿੜੀਆਂ ਨਹੀਂ ਹਨ।

2. ਸਫੋਟ:- ਸਫੋਟ ਤੋਂ ਭਾਵ ਅਰਥ ਪੂਰਨ ਸੰਕੇਤ। ਇਹ ਅਰਥਪੂਰਨ ਸੰਕੇਤ ਇਕ ਸ਼ਬਦ ਜਾਂ ਇਕ ਵਾਕ ਹੋ ਸਕਦਾ ਹੈ। ਇਸ ਸਿਧਾਂਤ ਅਧੀਨ ਸ਼ਬਦਾਂ ਨੂੰ ਧੁਨੀਆਂ ਦੀ ਲੜੀ ਜਾਂ ਵਾਕ ਨੂੰ ਸ਼ਬਦਾਂ ਦੀ ਲੜੀ ਮੰਨਣ ਦੀ ਜਗਾ ਇਕ ਅਰਥ-ਪੂਰਨ ਇਕਾਈ ਮਨ ਲਿਆ ਜਾਂਦਾ ਹੈ। ਇਹ ਇਕਾਈ ਭਾਸ਼ਾਈ ਧੁਨੀਆਂ ਨਾਲ ਉਚਰਿਤ ਹੁੰਦੀ ਹੈ। ਮਹਾਨ ਵਿਆਕਰਨਕਾਰ ਭਰਤਰੀ ਹਰਿ ਨੇ ਇਹ ਸਿਧਾਂਤ ਪੇਸ਼ ਕੀਤਾ ਸੀ। ਇਸ ਸਿਧਾਂਤ ਦੇ ਅਨੁਸਾਰ ਸ਼ਬਦ ਜਾਂ ਵਾਕ ਦੇ ਦੋ ਪੱਖ ਹਨ। ਪਹਿਲਾ ਪ੍ਰਗਟਾਵਾ ਅਤੇ ਦੂਜਾ ਭਾਵ ਪੱਖ। ਪ੍ਰਗਟਾਵੇ ਅਧੀਨ ਧੁਨੀ ਰੂਪ ਅਤੇ ਭਾਵ ਅਧੀਨ ਅਰਥ ਆਉਂਦਾ ਹੈ। ਧੁਨੀ ਰੂਪ ਸ਼ਬਦਾਂ ਜਾਂ ਵਾਕ ਦਾ ਬਾਹਰੀ ਪੱਖ ਹੁੰਦਾ ਹੈ ਅਤੇ ਅਰਥ ਅੰਦਰਲਾ ਪੱਖ ਹੁੰਦਾ ਹੈ।ਅੰਦਰਲੇ ਪੱਖ, ਜੋ ਕਿ ਅਰਥ ਹੈ ਨੂੰ ਸਫੋਟ ਕਿਹਾ ਜਾਂਦਾ ਹੈ।ਸਫੋਟ ਦੇ ਸੰਕਲਪ ਵਿਚ ਸ਼ਬਦ ਅਤੇ ਅਰਥ ਦਾ ਸੰਬੰਧ ਆਪਸ ਵਿਚ ਵਧੇਰੇ ਮਹੱਤਵਪੂਰਨ ਹੈ। ਸਫੋਟ ਇੱਕ ਅਰਥਪੂਰਨ ਸੰਕੇਤ ਹੈ ਜੋ ਧੁਨੀਆਂ ਨਾਲ ਪ੍ਰਗਟਾਵੇ ਦੀ ਪੱਧਰ ਉੱਤੇ ਹੋਂਦ ਪ੍ਰਾਪਤ ਕਰਦਾ ਹੈ।ਸ਼ਬਦ ਦੀ ਮੁੱਢਲੀ ਧੁਨੀ ਤੋਂ ਹੀ ਸਫੋਟ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਆਖਿਰ ਧੁਨੀ ਦੇ ਉਚਾਰਨ ਤੋਂ ਬਾਅਦ ਇਹ ਪੂਰੀ ਤਰ੍ਹਾਂ ਪ੍ਰਗਟ ਹੋ ਜਾਂਦਾ ਹੈ।

3 ਧੁਨੀ ਸਿਧਾਂਤ:- ਭਾਰਤੀ ਚਿੰਤਕਾਂ ਨੇ ਸਾਧਾਰਨ ਭਾਸ਼ਾ ਅਤੇ ਸਾਹਿਤਕ ਭਾਸ਼ਾ ਦੇ ਅੰਤਰ ਨੂੰ ਸਪੱਸ਼ਟ ਕਰਨ ਲਈ ਸ਼ਬਦ ਦੀਆਂ ਸ਼ਕਤੀਆਂ ਦਾ ਵਰਗੀਕਰਣ ਪੇਸ਼ ਕੀਤਾ। ਇਨ੍ਹਾਂ ਨੇ ਸ਼ਬਦ ਨੂੰ ਦੋ ਭਾਗਾਂ ਵਿਚ ਵੰਡਿਆ- ਅਭਿਧਾ ਸ਼ਕਤੀ ਅਤੇ ਲਕਸ਼ਣਾਂ ਸ਼ਕਤੀ ।ਸ਼ਬਦ ਦੇ ਸਾਧਾਰਨ ਜਾਂ ਪ੍ਰਚੱਲਿਤ ਅਰਥ ਨੂੰ ਅਭਿਧਾ ਦਾ ਨਾਂ ਦਿੱਤਾ ਗਿਆ ਹੈ। ਜਦੋਂ ਅਰਥ ਤੋਂ ਵੱਖਰਾ ਭਾਵ ਪ੍ਰਾਪਤ ਹੋਵੇ ਤਾਂ ਉਸ ਅਰਥ ਨੂੰ ਲਕਸ਼ਣਾ ਕਿਹਾ ਜਾਂਦਾ ਹੈ। ਅਭਿਧਾ ਸ਼ਬਦ ਦਾ ਮੂਲ ਅਰਥ ਹੁੰਦਾ ਹੈ ਅਤੇ ਲਕਸ਼ਣਾ ਪਰਿਵਰਤਿਤ ਅਰਥ। ਆਨੰਦ ਵਰਧਨ ਨੇ ਧੁਨੀ ਸਿਧਾਂਤ ਦੀ ਸਿਰਜਣਾ ਕੀਤੀ।ਉਹ ਅਭਿਧਾ ਅਤੇ ਲਕਸ਼ਣਾ ਦੀ ਵੰਡ ਨੂੰ ਮੰਨ ਕੇ ਸ਼ਬਦ ਦੀ ਇੱਕ ਹੋਰ ਸ਼ਕਤੀ ਦਾ ਵਰਨਣ ਕਰਦਾ ਹੈ। ਸ਼ਬਦ ਦੇ ਸਿੱਧੇ ਪਰਿਵਰਤਿਤ ਅਰਥਾਂ ਤੋਂ ਇਲਾਵਾ ਸੁਝਾਊ ਅਰਥ ਵੀ ਹੁੰਦੇ ਹਨ। ਜਿਨ੍ਹਾਂ ਨੂੰ ਵਿਅੰਜਨਾਂ ਦਾ ਨਾਂ ਦਿੱਤਾ। ਆਨੰਦ ਵਰਧਨ ਦੇ ਅਨੁਸਾਰ, "ਜਿਥੇ ਸ਼ਬਦ ਤੇ ਅਰਥ (ਮੁੱਖ ਜਾਂ ਸੰਕੇਤਿਤ ਅਰਥ ਤੇ 'ਵਾਚਕ' ਸ਼ਬਦ) ਦੋਵੇਂ ਆਪਣੇ ਆਪ ਨੂੰ ਅਪ੍ਰਧਾਨ ਬਣਾ ਕੇ ਵਿਅੰਜਨਾਂ ਸ਼ਕਤੀ ਦੇ ਜ਼ੋਰ ਨਾਲ ਵਿਅੰਗਾਰਥ (ਪ੍ਰਤੀਤੀਮਾਨ) ਨੂੰ ਪ੍ਰਗਟਾਉਂਦੇ ਹਨ ਉਸ ਕਾਵਿ ਨੂੰ 'ਧੁਨੀ' ਕਿਹਾ ਜਾਂਦਾ ਹੈ।"[5] ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਜਦੋਂ ਸ਼ਬਦ ਦੇ ਕੋਸ਼ੀ (ਅਭਿਧਾ) ਤੇ ਪਰਿਵਰਤਿਤ (ਲਕਸ਼ਣਾਂ) ਅਰਥ ਸੰਚਾਰ ਕਰਨ ਵਿਚ ਕਾਮਯਾਬ ਨਹੀਂ ਹੁੰਦੇ, ਉਸ ਵੇਲੇ ਸੁਝਾਊ ਅਰਥ ਕਿਰਿਆਸ਼ੀਲ ਹੁੰਦੇ ਹਨ।

## ਅਰਥਾਂ ਦੇ ਆਧਾਰ ਤੇ ਸ਼ਬਦਾਂ ਦਾ ਵਰਗੀਕਰਨ

ਅਰਥਾਂ ਦੇ ਆਧਾਰ ਤੇ ਸ਼ਬਦਾਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੈ।

ੳ) ਕੇਂਦਰੀ ਅਤੇ ਪਰਿਵਰਤਿਤ ਅਰਥ :- ਹਰ ਭਾਸ਼ਾ ਵਿਚ ਸ਼ਬਦਾਂ ਦੇ ਕਈ ਅਰਥ ਹੁੰਦੇ ਹਨ ਇਨ੍ਹਾਂ ਵਿਚੋਂ ਉਹ ਅਰਥ ਜਿਸ ਨੂੰ ਬੁਲਾਰੇ ਸ਼ਬਦ ਦਾ ਮੁੱਢਲਾ ਅਰਥ ਸਮਝਦੇ ਹੋਣ ਅਤੇ ਜਿਹੜਾ ਉਸ ਸ਼ਬਦ ਦਾ ਭਾਵ (ਅਰਥ) ਉਸ ਦੀ ਪ੍ਰਸੰਗ ਰਹਿਤ ਵਰਤੋਂ ਵਾਲਾ ਅਰਥ ਹੋਵੇ ਉਸ ਨੂੰ ਕੇਂਦਰੀ ਅਰਥ ਕਿਹਾਜਾਂਦਾ ਹੈ ਪਰ ਜਦੋਂ ਉਸ ਸ਼ਬਦ ਨੂੰ ਵੱਖਰੇ ਪ੍ਰਸੰਗ ਵਿਚ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਉਸ ਨੂੰ ਪਰਿਵਰਤਿਤ ਅਰਥ ਕਿਹਾ ਜਾਂਦਾ ਹੈ। ਪਰਿਵਰਤਿਤ ਅਰਥਾਂ ਨੂੰ ਦੋ ਭਾਗਾਂ ਵਿਚ ਵੰਡਿਆਂ ਜਾਂਦਾ ਹੈ-ਰੂਪਕ ਅਤੇ ਬਹੁ-ਅਰਥਕਤਾ।

ਅ) ਸਮਾਨਾਰਥਕ ਸ਼ਬਦ:- ਹਰੇਕ ਭਾਸ਼ਾ ਵਿਚ ਇੱਕ ਅਰਥ ਨੂੰ ਕਈ ਸ਼ਬਦ ਰੂਪਾਂ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ।ਇਸ ਲਈ ਜਿਨ੍ਹਾਂ ਸ਼ਬਦਾਂ ਦੇ ਅਰਥ ਲਗਭੱਗ ਬਰਾਬਰ ਹੋਣ, ਉਹਨਾਂ ਨੂੰ ਸਮਾਨਾਰਥਕ ਸ਼ਭਦ ਕਿਹਾ ਜਾਂਦਾ ਹੈ।ਇੱਕ ਅਰਥ ਪ੍ਰਗਟਾਉਂਣ ਦੇ ਲਈ ਅਨੇਕਾਂ ਸ਼ਬਦ ਹੁੰਦੇ ਹਨ। ਕੁਝ ਅੱਲਗ ਸ਼ਬਦ ਬਿਲਕੁਲ ਇੱਕ ਹੀ ਅਰਥ ਰੱਖਦੇ ਹਨ, ਪਰ ਬਹੁਤ ਵਾਰ ਸਮਾਨਾਰਥਕ ਸਮਝੇ ਜਾਂਦੇ ਸ਼ਬਦ ਨੇੜੇ ਦੇ ਅਰਥਾਂ ਨੂੰ ਪ੍ਰਗਟਾਉਂਦੇ ਹਨ।

ੲ) ਵਿਰੋਧਾਰਥਕ ਸ਼ਬਦ:- ਜਿਨ੍ਹਾਂ ਸ਼ਬਦਾਂ ਦਾ ਆਪਸ ਵਿਚ ਸੰਬੰਧ ਵਿਰੋਧ ਵਾਲਾ ਹੁੰਦਾ ਹੈ, ਉਨ੍ਹਾਂ ਨੂੰ ਵਿਰੋਧਾਰਥਕ ਸ਼ਬਦ ਕਿਹਾ ਜਾਂਦਾ ਹੈ।

ਸ) ਸਮੂਹ ਅਰਥਕ ਸ਼ਬਦ/ਸਮਰੂਪਕ ਸ਼ਬਦ:- ਜੋ ਸ਼ਬਦ ਕਿਸੇ ਸਮੂਹ ਜਾਂ ਇੱਕਠ ਲਈ ਵਰਤੇ ਜਾਣ ਪਰ ਉਹਨਾਂ ਦੇ ਅਰਥ ਵੱਖ-ਵੱਖ ਹੋਣ, ਉਨ੍ਹਾਂ ਨੂੰ ਸਮੂਹ ਅਰਥਕ ਸ਼ਬਦ ਕਿਹਾ ਜਾਂਦਾ ਹੈ ਅਰਥਾਤ ਜਦੋਂ ਇੱਕ ਜਾਂ ਇੱਕ ਤੋਂ ਵਧੇਰੇ ਸ਼ਬਦ ਮਿਲ ਕੇ ਇੱਕ ਅਰਥ ਨੂੰ ਪ੍ਰਗਟ ਕਰਨ ਤਾਂ ਉਨ੍ਹਾਂ ਨੂੰ ਸਮੂਹ ਅਰਥਕ ਕਿਹਾ ਜਾਂਦਾ ਹੈ।

ਹ) ਸਮਧੁਨੀ ਸ਼ਬਦ:- ਉਹ ਸ਼ਬਦ ਜੋ ਉਚਾਰਨ ਵਿਚ ਤਾਂ ਇੱਕੋ ਜਿਹੇ ਹੁੰਦੇ ਹਨ, ਪਰ ਉਨ੍ਹਾਂ ਦੇ ਅਰਥ ਵੱਖਰੇ-ਵੱਖਰੇ ਹੁੰਦੇ ਹਨ।

ਕ) ਸ਼ਬਦ ਵਿਉਂਪਤੀ:- ਸ਼ਬਦਾਂ ਦੇ ਅਰਥਾਂ ਵਿਚ ਵਿਕਾਸ ਦੇ ਇਤਿਹਾਸਕ ਅਧਿਐਨ ਨੂੰ ਸ਼ਬਦ ਵਿਉਂਤਪਤੀ ਕਿਹਾ ਜਾਂਦਾ ਹੈ। ਇਸ ਦੇ ਅਧੀਨ ਇੱਕ ਸ਼ਬਦ ਦੇ ਪੁਰਾਣੇ ਤੋਂ ਪੁਰਾਣੇ ਰੂਪ ਨੂੰ ਲੱਭਣ ਦਾ ਯਤਨ ਕੀਤਾ ਜਾਂਦਾ ਹੈ।

ਖ) ਮੁਹਾਵਰੇ:- ਮੁਹਾਵਰੇ ਦੁਆਰਾ ਗਹਿਰੇ ਤੋਂ ਗਹਿਰੇ ਅਰਥ ਥੋੜ੍ਹੇ ਸ਼ਬਦਾਂ ਵਿਚ ਪ੍ਰਗਟ ਹੋ ਜਾਂਦੇ ਹਨ। ਮੁਹਾਰਵੇ ਦੋ ਸ਼ਬਦਾਂ ਦਾ ਸੁਮੇਲ ਹਨ।ਉਹ ਸ਼ਬਦ ਸਮੂਹ ਜਿਸ ਦਾ ਅਰਥ ਉਸ ਵਿਚਲੇ ਇਕਲੇ-ਇਕਲੇ ਸ਼ਬਦਾਂ ਦੇ ਅਰਥਾਂ ਰਾਹੀਂ ਨਾ ਸਮਝਿਆ ਜਾ ਸਕੇ, ਸਗੋਂ ਸਮੁੱਚੇ ਸਮੂਹ ਦਾ ਇੱਕ ਅਰਥ ਹੋਵੇ, ਉਸ ਨੂੰ ਮੁਹਾਰਵਾ ਆਖਿਆ ਜਾਂਦਾ ਹੈ।

**ਅਰਥ ਵਿਗਿਆਣ ਵਿਸ਼ਲੇਸ਼ਣ:-** ਅਰਥ ਵਿਗਿਆਣ ਦਾ ਵਿਸ਼ਲੇਸ਼ਣ ਤਿੰਨ ਪ੍ਰਕਾਰ ਨਾਲ ਕੀਤਾ ਜਾਂਦਾ ਹੈ, ਜੋ ਹੇਠ ਲਿਖੇ ਅਨੁਸਾਰ ਹੈ।

1) ਤਰਤੀਬੀ ਵਿਸ਼ਲੇਸ਼ਣ:- ਇਸ ਅਨੁਸਾਰ ਇੱਕ ਦੂਜੇ ਨਾਲ ਸਾਂਝੇ ਪ੍ਰਸੰਗ ਵਿਚ ਆਉਣ ਵਾਲੇ ਸ਼ਬਦਾਂ ਦੀ ਤਰਤੀਬ ਦਾ ਅਧਿਐਨ ਕੀਤਾ ਜਾਂਦਾ ਹੈ।ਇਕ ਸ਼ਬਦ ਦੀ ਤਰਤੀਬ ਸ਼੍ਰੇਣੀ ਵਿਚਆਏ ਸ਼ਬਦ ਉਸ ਦੇ ਅਰਥ ਦੀ ਸਿਰਜਣਾ ਵਿਚ ਯੋਗਦਾਨ ਦਿੰਦੇ ਹਨ।
2) ਖੇਤਰੀ ਸਿਧਾਂਤ:- ਇਸ ਸਿਧਾਂਤ ਅਨੁਸਾਰ ਇਸ ਸ਼ਬਦ ਦੇ ਅਰਥ ਸਮਝਣ ਲਈ, ਉਸ ਨਾਲ ਅਰਥ ਪੱਧਰ ਤੇ ਸੰਬੰਧਿਤ ਸ਼ਬਦਾਂ ਦੇ ਸਮੂਹ ਨੂੰ ਸਮਝਣਾ ਪੈਂਦਾ ਹੈ।ਇਹ ਸਮੂਹ, ਸ਼ਬਦ ਦਾ ਅਰਥ ਖੇਤਰ ਬਣਾਉਣਾ ਹੈ।
3) ਅੰਗਿਅਕ ਵਿਸ਼ਲੇਸ਼ਣ:- ਇਸ ਪ੍ਰਕਾਰ ਦੇ ਵਿਸ਼ਲੇਸ਼ਣ ਲਈ ਪਹਿਲਾਂ ਮਿਲਦੇ-ਜੁਲਦੇ ਅਰਥਾਂ ਦਾ ਸਮੂਹ ਹੀ ਲੈਣਾ ਪੈਂਦਾ ਹੈ ਫਿਰ ਉਸ ਵਿਚੋਂ ਵਾਰੀ-ਵਾਰੀ ਆਉਣ ਵਾਲੇ ਅੰਗਾਂ ਨੂੰ ਚੁਣ ਲਿਆ ਜਾਂਦਾ ਹੈ। ਹਰੇਕ ਭਾਸ਼ਾ ਦੀ ਸ਼ਬਦਾਵਲੀ ਨੂੰ ਗਿਣਤੀ ਦੇ ਕੁਝ ਅੰਗਾਂ ਨਾਲ ਬਿਆਨ ਕਰਨਾ ਇਸ ਸਿਧਾਂਤ ਦਾ ਮੁੱਖ ਮੰਤਵ ਹੈ।

## ਅਰਥਾਂ ਦੇ ਆਧਾਰ ਤੇ ਕੌਂਕੇ ਕਾਵਿ ਵਿਚਲੇ ਭਾਸ਼ਾਈ ਅਰਥਾਂ ਦੇ ਵਿਭਿੰਨ ਪਹਿਲੂ

ਅਰਥ ਸਿਰਜਣ ਵਿਧੀਆਂ ਦੇ ਆਧਾਰ ਤੇ ਅਮਰਜੀਤ ਕੌਂਕੇ ਕਾਵਿ ਵਿਚਲੇ ਭਾਸ਼ਾਈ ਅਰਥਾਂ ਦੇ ਵਿਭਿੰਨ ਪਹਿਲੂਆਂ ਨੂੰ ਧਿਆਨ ਵਿਚ ਰੱਖ ਕੇ ਅਧਿਐਨ ਕੀਤਾ ਗਿਆ ਹੈ।ਇਹਨਾਂ ਪਹਿਲੂਆਂ ਦੇ ਅੰਤਰਗਤ ਧੁਨੀ ਵਿਉਂਤ ਰਾਹੀਂ ਅਰਥ ਨਿਖੇੜ, ਪ੍ਰਤੀ ਧੁਨੀ ਵਾਲੇ ਸ਼ਬਦ, ਵਿਅੰਜਨਾਂ ਦੇ ਵਿਰੋਧ ਕਰਕੇ ਰੂਪਕਾ ਦੇ ਪ੍ਰਯੋਗ ਰਾਹੀਂ ਵਿਪਰੀਤਾਰਥਕ ਸ਼ਬਦਾਂ ਰਾਹੀਂ ਸਮਧੁਨੀ ਸ਼ਬਦਾਂ ਰਾਹੀਂ, ਬਹੁਅਰਥਕ ਸ਼ਬਦਾਂ ਰਾਹੀਂ, ਸਮਾਨਾਰਥਕ ਸ਼ਬਦਾਂ ਰਾਹੀਂ, ਲਕਸ਼ਣਾ ਅਤੇ ਵਿਅੰਜਨਾਂ ਸ਼ਕਤੀਆਂ ਰਾਹੀਂ ਨਿਖੇੜ ਕੀਤਾ ਗਿਆ ਹੈ। ਇਹਨਾਂ ਦਾ ਵਿਸਥਾਰ ਪੂਰਵਕ ਵਰਣਨ ਇਸ ਪ੍ਰਕਾਰ ਹੈ।

### ਧੁਨੀ ਵਿਉਂਤ ਰਾਹੀਂ ਅਰਥ ਨਿਖੇੜ

ਧੁਨੀ ਵਿਉਂਤ ਰਾਹੀਂ ਅਰਥ ਨਿਖੇੜ ਕੀਤਾ ਜਾਂਦਾ ਹੈ। ਜਿਨ੍ਹਾਂ ਦੀ ਹੇਠਾਂ ਲਿਖੇ ਅਨੁਸਾਰ ਵਿਆਖਿਆ ਕੀਤੀ ਗਈ ਹੈ।

(ੳ) ਸਵਰਾਂ ਅਤੇ ਵਿਅੰਜਨਾ ਦੇ ਵਿਰੋਧ ਕਰਕੇ ਅਰਥ ਨਿਖੇੜ:-

ਇਹ ਅਰਥ ਨਿਖੇੜ ਕਈ ਤਰ੍ਹਾਂ ਨਾਲ ਵਾਪਰਦਾ ਹੈ।ਜਿਵੇਂ, ਧੁਨੀਆਂ ਦੇ ਵਿਰੋਧ ਕਾਰਨ, ਪ੍ਰਤਿਧੁਨੀਆਂ ਦੇ ਸ਼ਬਦਾਂ ਨਾਲ, ਦੋਹਰੇ ਸ਼ਬਦਾਂ ਦਾ ਪ੍ਰਯੋਗ ਕਾਰਨ, 'ੜ' ਧੁਨੀ ਜੋੜਨ ਨਾਲ , ਆਦਿ ਜੋ ਕਿ ਸ਼ਬਦਾਂ ਦੇ ਅਰਥਾਂ ਵਿਚ ਭਿੰਨਤਾ ਵੀ ਦਰਸਾਉਂਦਾ ਹੈ ਤੇ ਤੁਕਾਂਤ ਸਿਰਜ ਕੇ ਕਾਵਿ ਲੈਅ ਸਿਰਜਦਾ ਹੈ।

i. ਭੇਸ /ਵੇਸ ('ਭ' ਅਤੇ 'ਵ' ਧੁਨੀ ਦਾ ਵਿਰੋਧ) :

"ਕਦੇ ਕਿਸੇ ਭੇਸ ਵਿਚ
ਕਦੇ ਕਿਸੇ ਵੇਸ ਵਿਚ"[6]

ii. ਤੀਰ/ ਚੀਰ ('ਤ' ਅਤੇ 'ਚ' ਧੁਨੀ ਦਾ ਵਿਰੋਧ):

"ਜਿਹੜੇ ਆਪਣੇ ਅੰਗੂਠੇ ਦੀ ਥਾਂ
ਤੁਹਾਨੂੰ ਤੀਰ ਦੇਣਗੇ
ਤੁਹਾਡੀ ਦ੍ਰੋਣਾਚਾਰੀਆ-ਸਾਜਿਸ਼ਾ ਦੇ
ਸਾਰੇ ਪਰਦੇ ਚੀਰ ਦੇਣਗੇ"[7]

ਇਥੇ 'ਤ' ਅਤੇ 'ਚ' ਧੁਨੀ ਦੇ ਵਿਰੋਧ ਦੇ ਕਰਕੇ 'ਤੀਰ' ਤੋਂ ਭਾਵ ਕਮਾਨ ਵਿਚ ਚੜਨ ਵਾਲਾ ਤੀਰ ਹੈ ਅਤੇ 'ਚੀਰ' ਤੋਂ ਭਾਵ ਕੱਟ ਜਾਂ ਹੱਟਾ ਤੋਂ ਲਿਆ ਹੈ।ਇਸ ਪ੍ਰਕਾਰ ਇਥੇ ਵਿਅੰਜਨਾ ਦੇ ਵਿਰੋਧ ਕਰਕੇ ਅਰਥ ਭਿੰਨ ਹਨ।ਪਰ ਤੁਕਾਂਤ ਸਿਰਜ ਕਾਵਿਕ, ਲੈਅ ਨੂੰ ਸਿਰਜਿਆ ਗਿਆ ਹੈ।

iii. ਸੁੱਕ /ਮੁੱਕ ('ਸ' ਅਤੇ 'ਮ' ਧੁਨੀ ਦਾ ਵਿਰੋਧ):

"ਯਾਦਾਂ ਦਾ ਲਹਿਲਹਾਉਂਦਾ
ਬਿਰਖ ਸੁੱਕ ਜਾਵੇ
ਉਮਰਾਂ ਦੇ ਮਾਨਸਰਾਂ 'ਚੋਂ
ਸਾਹਵਾਂ ਦਾ ਪਾਣੀ ਸੁੱਕ ਜਾਵੇ"[8]

ਇਨ੍ਹਾਂ ਕਾਵਿ ਸਤਰਾਂ ਵਿਚ 'ਸੁੱਕ' ਤੋਂ ਭਾਵ ਹੈ ਕਿ ਸੁੱਕਣਾ ਅਤੇ 'ਮੁੱਕ' ਤੋਂ ਭਾਵ ਹੈ ਖਤਮ ਹੋ ਜਾਣਾ। ਸੁੱਕ, ਮੁੱਕ ਦਾ ਤੁਕਾਂਤ ਸਿਰਜ ਕੇ ਕਾਵਿਕ-ਲੈਅ ਨੂੰ ਉਭਾਰਿਆ ਹੈ।

iv. ਬਾਤ /ਝਾਤ ('ਬ' ਅਤੇ 'ਝ' ਧੁਨੀ ਦਾ ਵਿਰੋਧ):

"ਮੋਹ ਦੀ ਕੋਈ ਬਾਤ ਕਰਨ

ਤੁਹਾਡੇ ਨਾਲ ਬਿਤਾਏ ਦਿਨਾਂ ਨੂੰ
ਅਛੋਪਲੇ ਜਿਹੇ ਝਾਤ ਕਰਨ
ਆਵਾਂਗਾ ਜਰੂਰ"[9]

'ਬਾਤ' ਤੋਂ ਭਾਵ ਹੈ 'ਗੱਲ ਕਰਨਾ' ਅਤੇ 'ਝਾਤ' ਦਾ ਅਰਥ ਹੈ 'ਦੇਖਣਾ'।ਇਥੇ ਇਨ੍ਹਾਂ ਵਿਅੰਜਨਾ ਦਾ ਵਿਰੋਧ ਹੈ ਅਤੇ ਅਰਥ ਭੇਦ ਵੀ ਮੋਜੂਦ ਹੈ।

v. ਬੁਣਦੇ/ਫੁਰਦੇ ('ਬ' ਅਤੇ 'ਫ' ਧੁਨੀ ਦਾ ਵਿਰੋਧ):

"ਐਸਾ ਸ਼ਬਦ ਜਾਲ ਨੇ ਬੁਣਦੇ
ਐਸੇ ਫਿਕਰੇ ਇਹਨਾ ਨੂੰ ਫੁਰਦੇ"[10]

'ਬੁਣਦੇ' ਸ਼ਬਦ ਦਾ ਅਰਥ ਹੈ ਕਿਸੇ ਚੀਜ, ਵਸਤੂ ਆਦਿ ਨੂੰ ਬਣਾਉਣਾ ਜਾ ਬੁਣਨਾ ਅਤੇ 'ਫੁਰਦੇ' ਤੋਂ ਭਾਵ ਹੈ ਕੋਈ ਖਿਆਲਾਂ, ਵਿਚਾਰਾਂ ਜਾਂ ਚਾਲਾਂ, ਸਾਜਿਆਂ ਦਾ ਦਿਮਾਗ ਵਿਚ ਆਉਣਾ, ਇਸ ਲਈ ਇਹ ਅਰਥ ਨਿਖੇੜ ਹੈ ਅਤੇ ਤੁਕਾਂਤਕ ਲੈਅ ਵੀ ਹੈ।

vi. ਗੱਡਦੇ/ਛੱਡਦੇ ('ਗ'ਅਤੇ 'ਛ' ਧੁਨੀ ਦਾ ਵਿਰੋਧ):

"ਬੰਦੇ ਦੀ ਗਰਦਨ ਵਿਚ ਗੱਡਦੇ
ਤੇ ਫਿਰ
ਉਦੋਂ ਤੱਕ ਨਾ ਛੱਡਦੇ
ਜਦ ਤੀਕਰ ਸ਼ਿਕਾਰ ਉਨ੍ਹਾਂ ਦਾ"[11]

ਇਨ੍ਹਾਂ ਕਾਵਿ ਸਤਰਾ ਵਿਚ 'ਗੱਡਦੇ' ਦਾ ਅਰਥ ਹੈ ਦਬਾਉਣਾ ਜਾਂ ਦਫਨਾਉਣਾ ਅਤੇ 'ਛੱਡਦੇ' ਦਾ ਅਰਥ ਹੈ ਛੱਡ ਦੇਣਾ। ਇਸ ਲਈ ਇਹ ਵੀ ਅਰਥ ਭੇਦ ਹੈ।

vii. ਹੱਸਦੇ/ਨੱਸਦੇ ('ਹ' ਅਤੇ 'ਨ' ਧੁਨੀ ਦਾ ਵਿਰੋਧ):

"ਖਚਰਾ ਜਿਹਾ ਹਾਸਾ ਹੱਸਦੇ
ਨਵਾਂ ਸਿਕਾਰ ਕੋਈ
ਲੱਭਣ ਦੇ ਲਈ
ਫਿਰ ਨੇ ਚੌਂਹੀ ਕੂੰਟੀ ਨੱਸਦੇ"[12]

ਉਪਰੋਕਤ ਸਤਰਾ ਵਿਚ 'ਹੱਸਦੇ' ਦਾ ਅਰਥ ਹੈ 'ਹੱਸਣਾ' ਅਤੇ 'ਨੱਸਦੇ' ਤੋਂ ਭਾਵ ਦੌੜਨਾ ਹੈ। ਇਸ ਲਈ ਧੁਨੀ ਵਿਰੋਧ ਕਰਕੇ ਅਰਥ-ਨਿਖੇੜ ਕੀਤਾ ਗਿਆ ਹੈ।

ਅ) ਪ੍ਰਤੀਧੁਨੀ ਵਾਲੇ ਸ਼ਬਦਾਂ ਨਾਲ ਅਰਥ ਨਿਖੇੜ:

ਤਿਣਕਾ ਤਿਣਕਾ :-"ਤਿਣਕਾ ਤਿਣਕਾ ਕਰਕੇ ਜੋੜਿਆ

ਨਿੱਕੀ ਨਿੱਕੀ ਮਿਹਨਤ ਮਜਦੂਰੀ ਕਰਦਿਆਂ"[13]

ਕਤਰਾ ਕਤਰਾ:- "ਜਿਹੜੇ ਜਿੰਦਗੀ ਨੂੰ

ਕਤਰਾ ਕਤਰਾ

ਇਕ ਸਜਾ ਵਾਂਗ ਭੁਗਤਦੇ ਨੇ"[14]

ਛੋਟੀਆਂ ਛੋਟੀਆਂ :- "ਘਰ ਦੀਆਂ ਛੋਟੀਆਂ ਛੋਟੀਆਂ

ਜਰੂਰਤਾਂ ਨੂੰ ਪੂਰਿਆ

ਨਿੱਕੇ ਨਿੱਕੇ ਬੱਚਿਆਂ ਨੂੰ

ਉਡਾਰ ਕੀਤਾ"[15]

"ਛੋਟੇ ਛੋਟੇ ਗਿਲੇ ਸ਼ਿਕਵੇ ਉਲਾਂਭੇ
ਰਿਸ਼ਤਿਆ ਦੇ ਆਉਣ ਜਾਣ ਦੀਆਂ
ਨਿੱਕੀਆਂ ਨਿੱਕੀਆਂ ਅਰਥਹੀਣ ਬਾਤਾਂ
ਕੋਈ ਨਹੀਂ ਸੁਣਾਵੇਗਾ"[16]

"ਵੱਡੇ ਵੱਡੇ ਪੈਲਸਾਂ ਵਿਚ
ਦਿਨ ਕਦੇ ਰਾਤ ਦੇ ਵਿਆਹ 'ਚ"[17]

"ਮੇਰੇ ਮਨ ਦੀਆਂ ਕੰਧਾਂ ਨਾਲ
ਟਕਰਾ ਟਕਰਾ ਕੇ ਮੁੜਦੀ
ਆਵਾਜ ਮੁੜਦੀ ਤੇ ਪੁਛਦੀ"[18]

"ਫੈਕਟਰੀਆਂ 'ਚ ਤਿਲ ਤਿਲ ਮਰਦੇ

ਮਜਦੂਰ ਵੀ ਮੇਰੇ ਖਾਬਾ 'ਚ ਸੁਲਘਦੇ"[19]

"ਮਾਰੇ ਹੋਏ ਸ਼ਿਕਾਰ ਦੀ

ਬੋਟੀ ਬੋਟੀ ਲਹਿਦੇ"[20]

ਇਸ ਪ੍ਰਕਾਰ ਉਪਰੋਕਤ ਪ੍ਰਤਿਧੁਨੀ ਦੀ ਵਰਤੋਂ ਕਰਕੇ ਕਿਸੇ ਇਕ ਚੀਜ਼ ਨੂੰ ਵਧੇਰੇ ਮਾਤਰਾ ਵਿਚ ਦਰਸਾਉਣ ਲਈ ਕੀਤੀ ਗਈ ਹੈ। 'ਵੱਡੇ ਵੱਡੇ' ਤੋਂ ਭਾਵ ਬਹੁਤ ਵੱਡੇ ਤੋਂ ਹੈ।ਇਸੇ ਤਰ੍ਹਾਂ 'ਤਿਣਕਾ ਤਿਣਕਾ' ਤੋਂ ਭਾਵ ਇਕ ਤਿਣਕੇ ਤੋਂ ਨਹੀਂ ਬਲਕਿ ਬਹੁਤ ਸਾਰੇ ਤਿਣਕਿਆਂ ਤੋਂ ਹੈ।'ਛੋਟੀਆਂ ਛੋਟੀਆਂ' ਤੋਂ ਭਾਵ ਬਹੁਤ ਛੋਟੀਆਂ ਤੋਂ ਹੈ। ਇਸੇ ਤਰ੍ਹਾਂ ਨਿੱਕੀਆਂ ਨਿੱਕੀਆਂ, ਕਤਰਾ ਕਤਰਾ, ਤਿਲ ਤਿਲ, ਬੋਟੀ ਬੋਟੀ ਆਦਿ ਪ੍ਰਤੀਧੁਨੀ ਸ਼ਬਦਾਂ ਦੀ ਵਰਤੋਂ ਕਰਕੇ ਅਰਥ ਨਿਖੇੜ ਨੂੰ ਪ੍ਰਭਾਵਿਤ ਕੀਤਾ ਗਿਆ ਹੈ।

**ਦੋਹਰੇ ਸ਼ਬਦਾਂ ਦਾ ਪ੍ਰਯੋਗ**:

ਅਮਰਜੀਤ ਕੋਂਕੇ ਕਾਵਿ ਵਿਚ ਵਰਤੇ ਗਏ ਦੋਹਰੇ ਸ਼ਬਦ ਭਾਵੇਂ ਇਕ ਅਰਥ ਨੂੰ ਹੀ ਪ੍ਰਗਟਾਉਂਦੇ ਹਨ, ਪਰ ਇਨ੍ਹਾਂ ਦੀ ਵਰਤੋਂ ਕਾਵਿਕ, ਸੰਚਾਰ ਨੂੰ ਸੁਹਜਾਤਮਕਤਾ ਭਰਪੂਰ ਬਣਾਉਂਦੀ ਹੈ।

ਭੁੱਲੇ ਭਟਕੇ:- "ਭੁੱਲੇ ਭਟਕੇ ਆਪਣੇ ਸ਼ਹਿਰ ਜਾਵਾਂ

ਆਪਣੇ ਘਰ ਦੀ ਚੋਖਟ ਤੇ"[21]

ਰੰਗ ਬਿਰਗੇ:- "ਮੈ ਸੋਚਦਾ ਰਿਹਾ

ਕਿ ਰੰਗ ਬਿੰਰਗੇ ਕੱਚ ਦੇ ਟੁਕੜਿਆਂ ਲਈ
ਹੁਣ ਮੈ ਕਿਨ੍ਹਾਂ ਝਾਕਦੀਆਂ ਵੀਣੀਆਂ ਨੂੰ
ਸੁੰਨੀਆ ਕਰਾਂ..।"[22]

ਆਲੀਆਂ ਭੋਲੀਆਂ:- "ਆਲੀਆਂ ਭੋਲੀਆਂ ਅੱਖਾਂ ਵਿਚ ਜਿਹੜੇ

ਹੰਝੂਆਂ ਧਰਦੇ ਰਹੇ"[23]

ਰੁੰਡ ਮਰੁੰਡ:- "ਰੁੰਡ ਮਰੂੰਡ ਬਿਰਖ ਜਿਹੀ ਹੈ

ਕਾਇਆ ਮੇਰੀ"[24]

ਨਵੀਂ ਨਕੋਰ:- "ਚੰਦ ਚੜਦਾ

ਨਵੀਂ ਨਕੋਰ ਚਾਦਨੀ ਲੈ ਕੈ"[25]

ਸਾਫ-ਸ਼ਫਾਫ:- "ਰਿਸ਼ਤਗੀ ਦੇ

ਇਸ ਸਾਫ ਸ਼ਫਾਫ ਸ਼ੀਸੇ ਤੇ"[26]

"ਇਹ ਬਚਿਆ ਖੁਚਿਆ
ਅੱਧ-ਪਚੱਧਾ
ਮੁੜਿਆ ਤੁੜਿਆ
ਪਿਆਰ ਨਹੀਂ ਚਾਹੀਦਾ ਮੈਨੂੰ"[27]

ਨੈਣ ਨਕਸ਼:- "ਨੈਣ ਨਕਸ਼ ਤੇਰੇ ਚਿਹਰਾ ਮੁਹਰਾ ਤੇਰਾ

ਤੈਨੂੰ ਤੱਕਦੇ ਨਸ਼ਿਆ ਜਾਇਆ ਕਰਾਂਗੀ"[28]

ਰਹਿਮੋ-ਕਰਮ:- "ਛੱਡ ਦਿੰਦੀ ਤਹਾਨੂੰ

ਆਪਣੇ ਰਹਿਮੋ ਕਰਮ ਤੇ"[29]

ਨਾਮੋ-ਨਿਸ਼ਾਂ:- "ਉਨ੍ਹਾਂ ਦਾ ਇਤਿਹਾਸ 'ਚ

ਕਿਤੇ ਨਾਮੋ-ਨਿਸ਼ਾਂ ਵੀ ਨਾ ਹੁੰਦਾ"[30]

ਨੇੜੇ-ਤੇੜੇ:- "ਮੇਰੇ ਨੇੜੇ ਤੇੜੇ

ਉਸਦਾ ਪਰਛਾਵਾਂ
ਸਦਾ ਦਿਸਦਾ ਰਹਿੰਦਾ ਮੈਨੂੰ
ਆਸ ਪਾਸ"[31]

ਅੰਗ ਸੰਗ:- "ਮੈ ਤਾ ਅਜਲਾਂ ਤੋਂ ਤੇਰੇ ਨਾਲ

ਮੈਂ ਸਦਾ ਤੇਰੇ ਅੰਗ ਸੰਗ ਰਹਿਣਾ"[32]

ਉੱਪਰ ਦਿੱਤੀਆਂ ਗਈਆਂ ਉਦਾਹਰਨਾਂ ਤੋਂ ਸਪਸ਼ੱਟ ਹੁੰਦਾ ਹੈ ਕਿ ਦੋਹਰੇ ਸ਼ਬਦ ਅਰਥ ਨਿਖੇੜ ਨੂੰ ਪ੍ਰਗਟਾਉਂਦੇ ਹਨ ਕਿਉਂਕਿ ਦੋਹਰੇ ਸ਼ਬਦ ਖ਼ਾਸ ਵਾਤਾਵਰਨ ਨੂੰ ਸਿਰਜਦੇ ਹਨ । ਮੂਲ ਸ਼ਬਦ ਨਾਲ ਪ੍ਰਸਤੁਤ ਦੂਜੇ ਸ਼ਬਦ ਦਾ ਭਾਵੇਂ ਕੋਈ ਅਰਥ ਨਾ ਹੁੰਦਾ ਹੈ ਜਿਵੇ ਬਿੰਰਗੇ, ਆਲੀਆ, ਮਰੂੰਡ, ਨਕੋਰ, ਸ਼ਫਾਫ, ਖੁਚਿਆ, ਪਚੱਧਾ, ਨਕਸ਼, ਨਿਸਾਂ ਆਦਿ। ਪਰ ਸ਼ਬਦ ਦੁਹਰੁਕਤੀ ਸ਼ਬਦਾਂ ਦੇ ਆਮ ਅਰਥਾਂ ਤੋਂ ਅੱਗੇ ਕਾਵਿਕ-ਸੰਚਾਰ ਦੀ ਪੂਰਤੀ ਲਈ ਅਰਥਾਂ ਦੀ ਗਹਿਗਈ ਨੂੰ ਪ੍ਰਸਤੁਤ ਕਰਦੀ ਹੈ। ਸ਼ਬਦ ਦੁਹਰੁਕਤੀ ਪਹਿਲੇ ਸ਼ਬਦ ਦੇ ਅਰਥ ਨੂੰ ਪੱਕਾ/ਮਜ਼ਬੂਤ ਕਰਦੀ ਹੈ ਤੇ ਉਸ ਅਰਥ ਦੇ ਸਹੀ

ਹੋਣ ਵਿਚ ਹਾਮੀ ਭਰਦੀ ਹੈ। ਜਿਵੇਂ, ਰੰਗ ਤੋਂ ਭਾਵ ਰੰਗੀਨ ਤੋਂ ਲਿਆ ਜਾਂਦਾ ਹੈ। ਉਸ ਦੇ ਨਾਲ ਬਿਰੰਗੇ ਸ਼ਬਦ ਜੋੜਨ ਨਾਲ ਰੰਗ ਦਾ ਭਾਵ ਦ੍ਰਿੜ ਹੋ ਜਾਂਦਾ ਹੈ ਕਿਉਕਿ 'ਬਿਰੰਗੇ' ਤੋਂ ਬਹੁਤ ਸਾਰੇ ਰੰਗਾਂ ਦੇ ਸਮੂਹ ਦਾ ਜਿਕਰ ਹੋ ਜਾਂਦਾ ਹੈ ਜੋ ਰੰਗ ਦੇ ਅਰਥ ਨੂੰ ਹੋਰ ਵੀ ਦ੍ਰਿੜ ਕਰਦਾ ਹੈ। ਇਸ ਪ੍ਰਕਾਰ ਬਾਕੀ ਸਾਰੇ ਦੋਹਰੇ ਸ਼ਬਦ ਵੀ ਅਰਥਾਂ ਦੀ ਪਕਿਆਈ/ਮਜਬੂਤੀ ਲਈ ਵਰਤੇ ਗਏ ਹਨ।

**ਵਿਪਰੀਤਾਰਥਕ ਸ਼ਬਦਾਂ ਦੀ ਵਰਤੋਂ:-**

(i) ਅੰਦਰ ਬਾਹਰ:- "ਜਿਨ੍ਹਾਂ ਨੇ ਇਸ ਜੀਵਨ ਦਾ
ਅੰਦਰ ਬਾਹਰ ਪਿਆਰ ਨਾਲ ਭਰ ਦਿੱਤਾ"[33]

(ii) ਡਰਾਉਣੀਆਂ ਲੁਭਾਉਣੀਆਂ:-"ਕਿੰਨੀਆਂ ਡਰਾਉਣੀਆਂ ਲੁਭਾਉਣੀਆਂ
ਆਵਾਜਾਂ ਤੈਰਦੀਆਂ"[34]

(iii) ਦੁੱਖ-ਸੁੱਖ:- "ਸਭ ਆਰਾਮ ਕਰਦੇ
ਹੱਸਦੇ ਖੇਡਦੇ
ਗੱਲਾਂ ਕਰਦੇ
ਇਕ ਦੁਜੇ ਦੇ ਦੁੱਖ-ਸੁੱਖ ਵਿਚ
ਭਾਈਵਾਲ ਬਣਦੇ"[35]

(iv) ਅਚੇਤ-ਸੁਚੇਤ:- "ਜਿਹਨਾਂ ਨਾਲ
ਕਦੇ ਅਚੇਤ ਸੁਚੇਤ
ਗੁਸਤਾਖ਼ੀਆਂ-ਕੀਤੀਆਂ
ਆਪਣੀ ਹਉਮੈ 'ਚ ਡੁੱਬ ਕੇ"[36]

ਉਪਰੋਕਤ ਵਰਤੇ ਗਏ ਸ਼ਬਦ ਭਾਵੇਂ ਆਮ ਬੋਲ ਚਾਲ ਦੇ ਹਨ ਅਤੇ ਵਿਪਰੀਤਾਰਥਕ ਨਹੀਂ ਲੱਗਦੇ ਕਿਉਂਕਿ ਇਨਾਂ ਦਾ ਉਚਾਰਨ ਸਮੇਂ ਪ੍ਰਯੋਗ ਕਿਸੇ ਇਕ ਪ੍ਰਸੰਗਕ ਪਹਿਲੂ ਨੂੰ ਦਰਸਾਉਣ ਲਈ ਹੀ ਕੀਤਾ ਜਾਂਦਾ ਹੈ। ਪਰ ਇਨ੍ਹਾਂ ਸ਼ਬਦਾਂ ਦਾ ਵਿਪਤੀਤਾਰਥਕ ਪ੍ਰਯੋਗ ਕੀਤੇ ਸ਼ਬਦਾਂ ਦੇ ਅਰਥਾਂ ਵਿਚ ਭਿੰਨਤਾ ਹੁੰਦੀ ਹੈ ਜਿਵੇਂ ਡਰਾਓਣੀਆਂ, ਲੁਭਾਉਣੀਆਂ, ਦੁੱਖ-ਸੁੱਖ,

ਅਚੇਤ-ਸੁਚੇਤ, ਅੰਦਰ-ਬਾਹਰ ਆਦਿ। ਡਰਾਉਂਣੀਆਂ ਤੋਂ ਭਾਵ ਭੈਅ ਤੋਂ ਹੈ ਜੋ ਮਨੁੱਖੀ ਮਨ ਨੂੰ ਭੈਭਿਤ ਕਰ ਦਿੰਦੀਆਂ ਹਨ ਅਤੇ ਲੁਭਾਉਣੀਆਂ ਤੋਂ ਭਾਵ ਜੋ ਮਨੁਖੀ ਮਨ ਨੂੰ ਪ੍ਰਸੰਨ ਕਰਨ ਜਾਂ ਮੋਹਿਤ ਕਰਨ ਤੋਂ ਹੈ। 'ਦੁੱਖ' ਤੋ ਭਾਵ ਮੁਸਿਬਤਾਂ ਦਾ ਆਉਣਾ ਹੈ ਅਤੇ ਸੁੱਖ ਵੇਲੇ ਮੁਸਿਬਤਾਂ ਟਲ ਜਾਂਦੀਆਂ ਹਨ ਅਤੇ ਖੁਸ਼ੀ ਮਿਲਦੀ ਹੈ। ਇਸ ਪ੍ਰਕਾਰ ਹੀ ਬਾਕੀ ਦੂਹਰੇ ਸ਼ਬਦਾਂ ਦੇ ਅਰਥਾਂ ਵਿਚ ਵੀ ਭਿੰਨਤਾ ਹੈ। ਭਾਵ-ਅਰਥਾਂ ਦੇ ਪੱਖ ਤੋਂ ਇਕਲੇ ਸ਼ਬਦ ਅਲੱਗ ਪ੍ਰਸੰਗ ਨੂੰ ਦਰਸਾਉਂਦੇ ਹਨ ਪਰ ਕਾਵਿ ਭਾਸ਼ਾ ਦੀ ਸੁੰਦਰਤਾ ਅਤੇ ਅਰਥ ਨਿਖੇੜ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਸ਼ਬਦਾਂ ਰਾਹੀਂ ਕਾਵਿ ਸੰਚਾਰ ਨੂੰ ਸਹਿਜਤਾ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ।

**ਰੂਪਕ ਦਾ ਪ੍ਰਯੋਗ:**

ਸਿਤਾਰਿਆਂ ਨੂੰ ਜੁਗਨੂੰਆਂ:- "ਸਿਤਾਰਿਆਂ ਨੂੰ ਜੁਗਨੰਆਂ ਵਾਂਗ
ਬੰਨਦਿਆਂ ਤੇਰੇ ਪੱਲੂ ਦੇ ਨਾਲ"[37]

ਵੈਕਿਊਮ ਕਲੀਨਰ:- "ਖਿਚ ਲੈ
ਵੈਕਿਊਮ ਕਲੀਨਰ ਨਾਲ
ਮੇਰੇ ਦਿਮਾਗ 'ਚ ਫਸੀਆਂ
ਯਾਦਾਂ ਦੀਆਂ ਮਕੜੀਆ"[38]

ਫ਼ਲਸਫਿਆ ਦੀ ਧੂੜ:- "ਖਿੱਚ ਲੈ ਮੇਰੇ ਅੰਦਰੋਂ
ਸਾਰੀ ਫਸਸ਼ਫਿਆਂ ਦੀ ਧੂੜ੍ਹ" [39]

ਦ੍ਰੋਣਾਚਾਰੀਆਂ-ਸਾਜਿਸ਼ਾਂ:- "ਤੁਹਾਡੀਆ ਦ੍ਰੋਣਾਵਾਰੀਆਂ-ਸਾਜ਼ਿਸ਼ਾ ਦੇ
ਸਾਰੇ ਪਰਦੇ ਚੀਰ ਦੇਣਦੇ।"[40]

ਰੇਸ ਦਾ ਘੋੜਾ:- "ਮੈਂ ਰੇਸ ਦਾ ਘੋੜਾ ਹਾਂ, ਮੇਰੇ ਤੇ ਹਰ ਕਿਸੇ ਨੇ
ਆਪਣਾ ਆਪਣਾ ਦਾਅ ਲਾਇਆ"[41]

ਮਨ ਦੀ ਚਾਦਰ:- "ਨੁੱਚੜ ਜਾਵੇ
ਸਾਰੀ ਮੈਲ
ਜੋ ਮਨ ਦੀ ਚਾਦਰ 'ਤੇ ਲੱਗੀ"[42]

ਮਮਤਾ ਦਾ ਪਿਆਰ:- "ਡੁੱਲ੍ਹ ਰਿਹਾ ਸੀ ਉਸ ਦੇ ਅੰਦਰੋਂ
ਮਮਤਾ ਦਾ ਪਿਆਰ"[43]

ਅਮਨ ਦਾ ਪ੍ਰਤੀਕ:- "ਨਿਰਜੀਵ ਲੋਕਾਂ ਨੂੰ
ਚੁੱਕ ਕੇ ਲੈ ਗਈਆਂ ਐਂਬੂਲੈਂਸਾਂ
ਪਰ ਇਸ ਅਮਨ ਦੇ ਪ੍ਰਤੀਕ ਦਾ
ਕੋਈ ਵਾਲੀਵਾਰਸ ਨਹੀਂ।"[44]

ਕੌਂਕੇ ਕਾਵਿ ਵਿਚ ਪ੍ਰਯੋਗ ਕੀਤੇ ਰੂਪਕਾਂ ਰਾਹੀਂ ਅਰਥ ਨਿਖੇੜ ਕੀਤਾ ਗਿਆ ਹੈ। ਉਪਰੋਕਤ ਪਹਿਲੇ ਕਾਵਿ ਟੋਟੇ ਵਿਚ ਰੂਪਕ 'ਸਿਤਾਰਿਆਂ ਨੂੰ ਜੁਗਨੂੰਆਂ ਵਾਂਗ' ਵਿਚ ਉਪਮੇਯ ਅਤੇ ਉਪਮਾਨ ਦੀ ਆਪਸ ਵਿਚ ਅਭੇਦਤਾ ਹੈ।ਇਸੇ ਪ੍ਰਕਾਰ 'ਵੈਕਿਉਮ ਕਲੀਨਰ' ਵਿਚਾਰਾਂ ਦੀ ਨਵੀਨਤਾ ਦਾ ਪ੍ਰਤੀਕ ਹੈ। 'ਫ਼ਲਸਫ਼ਿਆਂ ਦੀ ਧੂੜ' ਵਿਚ ਆਪਸੀ ਅਭੇਦਤਾ ਹੈ ਕਿਉਕਿ ਫ਼ਲਸਫ਼ਿਆਂ ਦੀ ਧੂੜ੍ਹ ਇਲਮ ਦਾ ਮਾਨਸਿਕ ਬੋਝ ਜਾਂ ਪੀੜ੍ਹਾ ਹੈ। 'ਦ੍ਰੋਣਾਚਾਰੀਆ-ਸਾਜ਼ਿਸ਼ਾਂ' ਰੂਪਕ ਦੀ ਆਪਸੀ ਅਭੇਦਤਾ ਇਹ ਪ੍ਰਗਟਾਉਂਦੀ ਹੈ ਕਿ ਸਾਮਰਾਜੀ ਤਾਕਤਾਂ ਜੋ ਗਰੀਬ ਜਨਤਾਂ ਤੇ ਰਾਜ ਕਰਦੀਆਂ ਹਨ ਅਤੇ ਜੁਲਮ ਕਰਦੀਆਂ ਹਨ ਉਨ੍ਹਾਂ ਦਾ ਸਮਾਂ ਪਲਟੇਗਾ ਅਤੇ ਸਾਰਿਆਂ ਨੂੰ ਬਰਾਬਰ ਦੇ ਅਧਿਕਾਰ ਤੇ ਹੱਕ ਪ੍ਰਾਪਤ ਹੋਣਗੇਂ।ਇਸ ਤਰ੍ਹਾਂ "ਮਮਤਾ ਦਾ ਪਿਆਰ" ਰੂਪਕ ਵਿਚ ਵੀ ਅਭੇਦਤਾ ਹੈ। ਮਾਂ ਇਕ ਅਜਿਹਾ ਰਿਸ਼ਤਾ ਹੈ ਜਿਸ ਦੀ ਪਵਿਤਰਤਾ ਉੱਪਰ ਸੰਸਾਰ ਗਰਭ ਕਰਦਾ ਹੈ। ਇਸ ਰਿਸ਼ਤੇ ਕਾਰਨ ਮਨੁੱਖ ਸਮਾਜ ਵਿਚ ਆਉਂਦਾ ਹੈ। ਮਾਂ ਨੂੰ ਰੱਬ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਜੋ ਸੰਸਾਰ ਮਨੁੱਖ ਵਿਚ ਮਮਤਾ ਦੀ ਛਾਂ ਕਰਦਾ ਹੈ। ਮਾਂ ਹਮੇਸ਼ਾਂ ਹੀ ਬੱਚਿਆਂ ਦੇ ਅੰਗ ਸੰਗ ਰਹਿੰਦੀ ਹੈ ਅਤੇ ਉਨ੍ਹਾਂ ਨੂੰ ਜਿੰਦਗੀ ਵਿਚ ਸੰਘਰਸ਼ ਕਰਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ। ਇਸੇ ਪ੍ਰਕਾਰ ਸਾਰੇ ਰੂਪਕਾਂ ਦੇ ਆਮ ਭਾਸ਼ਾਈ ਅਰਥ ਨਹੀਂ ਹਨ। ਇਸ ਤਰ੍ਹਾਂ ਆਮ ਭਾਸ਼ਾ ਅਤੇ ਕਾਵਿ ਭਾਸ਼ਾ ਅਰਥ ਨਿਖੇੜ ਹੋ ਜਾਂਦਾ ਹੈ। ਇਸ ਲਈ ਰੂਪਕਾਂ ਦੀ ਵਰਤੋਂ ਕਾਵਿ-ਭਾਸ਼ਾਈ ਵਿੱਲਖਣਤਾ ਪ੍ਰਦਾਨ ਕਰਨ ਲਈ ਕੀਤੀ ਗਈ ਹੈ।

**ਸਮਧੁਨੀ ਸ਼ਬਦਾਂ ਦਾ ਪ੍ਰਯੋਗ:-**

ਸਮਧੁਨੀਆਂ ਦੇ ਰਾਹੀਂ ਕਾਵਿ ਵਿਚ ਸੁਹਜਾਤਮਕਤਾ ਪੈਦਾ ਕੀਤੀ ਜਾਂਦੀ ਹੈ। ਅਮਰਜੀਤ ਕੌਂਕੇ ਨੇ ਆਪਣੇ ਕਾਵਿ ਵਿਚ ਸਮਧੁਨੀਆਂ ਦੀ ਵਰਤੋਂ ਸਹਿਜਤਾ ਨਾਲ ਕੀਤਾ ਹੈ। ਜਿਵੇਂ:-

ਦੁੱਖ-ਸੁੱਖ:- "ਸਭ ਆਰਾਮ ਕਰਦੇ
ਹੱਸਦੇ ਖੇਡਦੇ ਗੱਲਾਂ ਕਰਦੇ
ਇਕ ਦੂਜੇ ਦੇ ਦੁੱਖ-ਸੁੱਖ ਵਿਚ
ਭਾਈਵਾਲੇ ਬਣਦੇ"[45]

ਅੰਗ-ਸੰਗ:- "ਮੈਂ ਤੋਂ ਅਜ਼ਲਾਂ ਤੋਂ ਤੇਰੇ ਨਾਲ

ਮੈਂ ਸਦਾ ਤੇਰੇ ਅੰਗ ਸੰਗ ਰਹਿਣਾ"[46]

ਤਹਿਸ ਨਹਿਸ:- "ਖੂੰਖਾਰ ਹੁੰਦੀਆਂ

ਤਾਂ ਤਹਿਸ ਨਹਿਸ ਕਰ ਸੁਟਦੀਆਂ

ਆਲਾ ਦੁਆਲਾ"[47]

ਤੇੜੇ-ਤੇੜੇ:- "ਮੇਰੇ ਨੇੜੇ ਤੇੜੇ

ਉਸ ਦਾ ਪਰਛਾਵਾਂ

ਸਦਾ ਦਿਸਦਾ ਰਹਿੰਦਾ ਮੈਨੂੰ

ਆਸ ਪਾਸ"[48]

ਅਚੇਤ ਸੁਚੇਤ:- "ਜਿਨ੍ਹਾਂ ਨਾਲ

ਕਦੇ ਅਚੇਤ ਸੁਚੇਤ

ਗੁਸਤਾਖੀਆਂ ਕੀਤੀਆਂ

ਆਪਣੀ ਹਉਮੈ 'ਚ ਡੁੱਬ ਕੇ"[49]

ਉੱਪਰ ਦਿੱਤੀਆਂ ਗਈਆਂ ਸਮਧੁਨੀਆਂ ਵਿਚ ਜਿਵੇ, 'ਦੁੱਖ ਸੁਖ' ਸ਼ਬਦਾਂ ਵਿਚ ਸਵਰ 'ੳ' ਅਤੇ ਵਿਅੰਜਨ 'ਖ' ਸਾਂਝਾ ਹੈ। 'ਅੰਗ ਸੰਗ' ਵਿਚ ਸਵਰ 'ੲ' ਅਤੇ ਵਿਅੰਜਨ 'ਙ' ਸਾਂਝਾ ਹੈ। ਇਸ ਤਰ੍ਹਾਂ ਸਵਰਾਂ ਅਤੇ ਵਿਅੰਜਨਾਂ ਦੀ ਸਾਂਝ ਕਰਕੇ ਸਮਧੁਨੀ ਪੈਦਾ ਹੁੰਦੀ ਹੈ। ਸਮਧੁਨੀ ਸ਼ਬਦਾਂ ਦਾ ਪ੍ਰਯੋਗ ਕਾਵਿ ਵਿਚ ਹੀ ਕੀਤਾ ਜਾਂਦਾ ਹੈ। ਭਾਵੇਂ ਸਮਧੁਨੀ ਸ਼ਬਦਾਂ ਦਾ ਮੂਲ ਅਰਥ ਵੱਖਰਾ ਹੈ ਪਰ ਇਨ੍ਹਾਂ ਨੂੰ ਮਿਲਾਕੇ ਇਕੋ ਅਰਥ ਨੂੰ ਪ੍ਰਗਟਾਉਂਦੇ ਹਨ। ਇਹ ਕਾਵਿ ਵਿਚ ਸੰਗੀਤਾਤਮਕਤਾ ਪੈਦਾ ਹੁੰਦੀ ਹੈ ਅਤੇ ਕਾਵਿ ਸੰਚਾਰ ਨੂੰ ਆਮ ਭਾਸ਼ਾ ਸੰਚਾਰ ਤੋਂ ਵੱਖਰਾ ਵੀ ਕਰਦੇ ਹਨ।

**ਸ਼ਬਦ ਸ਼ਕਤੀਆਂ ਰਾਹੀਂ ਅਰਥ ਨਿਖੇੜ**

ਸ਼ਬਦ ਸ਼ਕਤੀਆਂ ਦੇ ਰਾਹੀਂ ਅਮਰਜੀਤ ਕੌਂਕੇ ਕਾਵਿ ਵਿਚ ਸ਼ਬਦਾਂ ਦੇ ਅਰਥਾਂ ਨੂੰ ਨਿਖੇੜਨ ਦਾ ਯਤਨ ਕੀਤਾ ਗਿਆ ਹੈ। ਸ਼ਬਦ ਸ਼ਕਤੀਆਂ ਅਭਿਧਾ ਸ਼ਕਤੀ, ਲਕਸ਼ਣਾ ਸ਼ਕਤੀ ਅਤੇ ਵਿਅੰਜਨਾ ਸ਼ਕਤੀ ਹਨ। ਸ਼ਬਦ ਦੇ ਮੁਢਲੇ ਜਾਂ ਕੌਸ਼ੀ ਅਰਥ ਪ੍ਰਗਟ ਹੁੰਦੇ ਹਨ ਉਸ ਨੂੰ ਅਭਿਧਾ ਸ਼ਕਤੀ ਕਹਿੰਦੇ ਹਨ। ਲਕਸ਼ਣਾ ਸ਼ਕਤੀ ਉਸ ਨੂੰ ਕਿਹਾ ਜਾਂਦਾ ਹੈ ਜਿਥੇ ਮੁੱਢਲੇ ਅਰਥ ਨਾਲ ਮਿਲਦੇ ਜੁਲਦੇ ਅਰਥ ਪ੍ਰਸਤੁਤ ਹੋਣ। ਜਦੋਂ ਅਭਿਧਾ ਅਤੇ ਲਕਸ਼ਣਾ ਸ਼ਕਤੀ ਤੋਂ ਬਾਅਦ ਵੀ ਕੋਈ ਹੋਰ ਅਰਥ

ਪ੍ਰਸਤੁਤ ਹੁੰਦਾ ਹੈ ਤਾਂ ਉਸ ਨੂੰ ਵਿਅੰਜਨਾ ਸ਼ਕਤੀ ਕਿਹਾ ਜਾਂਦਾ ਹੈ। ਇਸ ਖੋਜ ਪ੍ਰਬੰਧ ਵਿਚ ਕੌਂਕੇ ਕਾਵਿ ਵਿਚੋਂ ਲਈਆਂ ਉਦਾਹਰਨਾਂ ਵਿਚੋਂ ਸ਼ਬਦ ਸ਼ਕਤੀਆਂ ਰਾਹੀਂ ਅਰਥ ਨਿਖੇੜ ਕੀਤਾ ਗਿਆ ਹੈ। ਜਿਵੇਂ-

"ਹੁਣੇ ਤੁਹਾਡੇ ਸਾਹਮਣੇ ਕਬੂਤਰ ਬੈਠਾ ਸੀ

ਹੁਣੇ ਦਹਾੜ੍ਹਦਾ ਸ਼ੇਰ ਬਣ ਗਿਆ"[50]

| ਸ਼ਬਦ | ਅਭਿਧਾਮੂਲਕ ਅਰਥ | ਲਕਸ਼ਣਾਮੂਲਕ ਅਰਥ | ਵਿਅੰਜਨਾ ਅਰਥ |
| --- | --- | --- | --- |
| ਕਬੂਤਰ | ਪੰਛੀ | ਸ਼ਾਂਤੀ ਦਾ ਪ੍ਰਤੀਕ | ਨੈਤਿਕ ਕਦਰਾਂ ਕੀਮਤਾਂ ਦਾ ਪ੍ਰਗਟਾਵਾ |
| ਸ਼ੇਰ | ਜਾਨਵਰ | ਬਦਲਦਾ ਮਨੁੱਖੀ ਚਰਿਤਰ | ਨੈਤਿਕ ਕਦਰਾਂ ਕੀਮਤਾਂ ਤੋਂ ਟੁੱਟ ਜਾਣਾ |

"ਵੈਕਿਉਮ ਕਲੀਨਰ ਨਾਲ

ਮੇਰੇ ਦਿਮਾਗ 'ਚ ਫਸੀਆਂ"[51]

| ਸ਼ਬਦ | ਅਭਿਧਾਮੂਲਕ ਅਰਥ | ਲਕਸ਼ਣਾਮੂਲਕ ਅਰਥ | ਵਿਅੰਜਨਾਂ ਅਰਥ |
| --- | --- | --- | --- |
| ਵੈਕਿਉਮ ਕਲੀਨਰ | ਆਧੁਨਿਕ ਮਸ਼ੀਨ | ਸਫ਼ਾਈ ਦਾ ਸਾਧਨ | ਵਿਚਾਰਾਂ ਦੀ ਨਵੀਨਤਾ ਦਾ ਪ੍ਰਤੀਕ |

**ਸਮਾਨਾਰਥਕ ਸ਼ਬਦਾ ਦੇ ਪ੍ਰਯੋਗ ਦੁਆਰਾ ਅਰਥ ਨਿਖੇੜ:-**

ਅਮਰਜੀਤ ਕੌਂਕੇ ਨੇ ਆਪਣੇ ਕਾਵਿ ਵਿਚ ਸਮਾਨਾਰਥਕ ਸ਼ਬਦਾਂ ਦਾ ਪ੍ਰਯੋਗ ਬਹੁਤ ਹੀ ਸਹਿਜ ਢੰਗ ਨਾਲ ਕੀਤਾ ਹੈ ਜਿਸ ਨਾਲ ਕਾਵਿ ਵਿਚ ਸੁਹਜਾਤਮਕਤਾ ਪੈਦਾ ਹੁੰਦੀ ਹੈ।

ਹਵਾ, ਫਿਜ਼ਾ

"ਮੈਂ ਜਿਹੜਾ ਹਵਾ ਵਿਚ

ਤੇਰੇ ਲਈ ਉਛਾਲਿਆ ਸੀ ਚੁੰਮਣ

ਉਹ ਫਿਜ਼ਾ 'ਚ ਭਟਕ ਰਿਹਾ"[52]

ਜਿਸਮ, ਸ਼ਰੀਰ, ਤਨ, ਦੇਹ, ਪਿੰਡਾ

- "ਮੇਰੇ ਜਿਸਮ 'ਚ ਦੌੜਦਾ ਲਹੂ ਹੈ"[53]

- "ਦੇਹ ਵੇਚ ਸਕਦੀ ਹੈ
  ਜਾਂ ਹੋਰ ਅਜਿਹਾ ਕਿੰਨਾ ਕੁਝ"[54]

- "ਭੱਠੀਆਂ ਦੀ ਅਗਨ ਵਿਚ
  ਲੋਹੇ ਨਾਲ ਗਲਦੇ ਸਰੀਰ"[55]

- "ਆਪਣੇ ਪਿੰਡੇ ਤੇ ਲਪੇਟੀ
  ਇੱਕਲਾ ਭਟਕ ਰਿਹਾ ਹੋਵਾਂਗਾ"[56]

ਧਰਤੀ/ ਜ਼ਮੀਨ

- "ਧਰਤੀ ਤੇ ਬੋਝ ਜਿਹਾ
  ਬਣ ਜਾਂਦਾ ਹਾਂ ਮੈਂ"[57]

- "ਆਪਣੇ ਪੈਰਾਂ ਹੇਠਲੀ ਜ਼ਮੀਨ ਪੱਟਦਾ ਹਾਂ"[58]

ਪਾਣੀ, ਜਲ

- "ਪਾਣੀਆਂ ਦੀ ਰੂਹ 'ਚ ਹੀ
  ਵਸ ਜਾਵੇ
  ਤਾਂ ਜਲ ਦੀ ਪਿਆਸ ਕੌਣ ਬੁਝਾਵੇ"[59]

- "ਤੂੰ ਤਾਂ ਹੱਸਦਿਆਂ ਹੱਸਦਿਆ
  ਪਾਣੀ ਵਿਚ
  ਇਕ ਕੰਕਰ ਹੀ ਉਛਾਲਿਆਂ
  ਪਰ ਪਾਣੀ ਦੀਆਂ
  ਲਹਿਰਾਂ ਵਿਚਲਾ ਅਕਸ ਫੜਨ ਲਈ"[60]

ਨਾਰੀ, ਔਰਤ

- "ਮੈਂ ਉਸ ਨੂੰ ਲੱਭਦਾ

  ਹਰ ਔਰਤ ਵਿਚ"[61]

- "ਹਰ ਨਾਰੀ ਦੇ ਮਨ ਵਿਚ

  ਕਿਸੇ ਨੁੱਕਰ ਵਿਚ"[62]

ਰੁੱਖ, ਬਿਰਖ, ਦਰਖ਼ਤ

- "ਰੁੰਡ ਮਰੁੰਡ ਬਿਰਖ ਜਿਹੀ ਹੈ

  ਕਾਇਆ ਮੇਰੀ"[63]

- "ਦਰਖ਼ਤ ਨੂੰ ਦਰਖ਼ਤ

  ਤੇ ਸ਼ਬਦ ਨੂੰ ਸ਼ਬਦ ਕਿਹਾ"[64]

- "ਰੁੱਖਾਂ ਤੋ ਮਿਲੀ ਆਕਸੀਜਨ

  ਛੱਡਦਾ ਕਾਰਬਨ ਡਾਈਆਕਸਾਈਡ"[65]

ਪਿਆਰ, ਮੁੱਹਬਤ

- "ਜਦੋ ਪਿਆਰ ਟੁੱਟਦਾ ਹੈ

  ਤਾਂ ਕੁਝ ਕੁ ਦਿਨ ਸੋਚਦਾ ਹੈ"[66]

- "ਸਾਰੀ ਮੁੱਹਬਤ ਸਮੇਤ ਤੇਰੇ ਕੋਲ ਆਵਾਂ

  ਅਤੇ ਜਦ ਤੂੰ ਚਾਹੇਂ"[67]

ਦੁਨੀਆਂ, ਸੰਸਾਰ

- "ਏਥੇ ਤੇਰੇ ਰਿਸ਼ਤਿਆਂ ਦਾ ਸੰਸਾਰ ਹੈ"[68]

- "ਮੈਂ ਚਾਹੁੰਦਾ ਹਾਂ

ਕਿ ਦੁਨੀਆਂ ਦੀਆਂ ਸਾਰੀਆਂ ਤਲੀਆਂ

ਏਨੀਆਂ ਖੂਬਸੂਰਤ ਹੋਣ"[69]

ਸਾਗਰ, ਸਮੁੰਦਰ

- "ਏਨਾ ਹੈ ਮੇਰੇ ਅੰਦਰ ਪਿਆਰ
  ਇਨ੍ਹਾਂ ਸਾਗਰ 'ਚ ਪਾਣੀ"[70]

- "ਚੌਪਾਸੇ ਠਾਠਾਂ ਮਾਰਦੇ

  ਸਮੁੰਦਰ ਤੋਂ ਘਬਰਾ ਕੇ"[72]

ਨਾਰੀ, ਔਰਤ

- "ਮੈਂ ਉਸ ਨੂੰ ਲੱਭਦਾ

  ਹਰ ਔਰਤ ਵਿਚ"[73]

- "ਹਰ ਨਾਰੀ ਦੇ ਮਨ ਵਿਚ

  ਕਿਸੇ ਨੁੱਕਰ ਵਿਚ"[74]

ਅਮਰਜੀਤ ਕੌਂਕੇ ਨੇ ਆਪਣੇ ਕਾਵਿ ਵਿਚ ਇਕੋ ਅਰਥ ਵਾਲੇ ਵਧੇਰੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਕਾਵਿ ਵਿਚ ਸੁੰਦਰਤਾ ਪੈਦਾ ਕਰਦੇ ਹਨ। ਕਾਵਿ ਪੰਕਤੀ ਵਿਚ ਜੋ ਸ਼ਬਦ ਢੁੱਕਵਾ ਹੈ ਉਸ ਦੀ ਵਰਤੋਂ ਹੀ ਕਾਵਿ ਪੰਕਤੀ ਵਿਚ ਕੀਤੀ ਗਈ ਹੈ। ਆਮ ਭਾਸ਼ਾ ਅਤੇ ਕਾਵਿ ਭਾਸ਼ਾ ਵਿਚ ਸ਼ਬਦਾਂ ਵਿਚ ਵੱਖਰਤਾ ਹੈ। ਆਮ ਭਾਸ਼ਾ, ਭਾਸ਼ਾ ਸੰਚਾਰ ਦੇ ਸੁਹਜ ਵੱਲ ਧਿਆਨ ਨਹੀਂ ਦਿੰਦੀ ਹੈ ਅਤੇ ਕਾਵਿ ਭਾਸ਼ਾ ਸ਼ਬਦਾਂ ਦੀ ਸੁੰਦਰਤਾ ਅਤੇ ਸੁਹਜ ਸੰਚਾਰ ਵਲ ਕਵੀ ਆਪਣੀ ਸਮੱਰਥਾ ਅਨੁਸਾਰ ਸੁਹਜ ਅਤੇ ਸੰਚਾਰ ਵੱਲ ਵਧੇਰੇ ਧਿਆਨ ਦਿੰਦਾ ਹੈ।

ਇਸ ਪ੍ਰਕਾਰ ਉਪਰੋਕਤ ਉਦਾਹਰਨਾਂ ਦੇ ਰਾਹੀਂ ਕੀਤੀ ਗਈ ਚਰਚਾ ਦੇ ਅਨੁਸਾਰ ਅਮਰਜੀਤ ਕੌਂਕੇ ਕਾਵਿ ਵਿਚ ਅਰਥ ਸਿਰਜਣ ਵਿਧੀ ਦੇ ਨਵੇਂ ਕਾਵਿ ਭਾਸ਼ਾਈ ਸੰਕਲਪ ਸਿਰਜੇ ਗਏ ਹਨ। ਭਾਸ਼ਾ ਦੇ ਅਰਥ ਵਿਗਿਆਨਕ ਨਾਲ ਸੰਬੰਧਿਤ ਵਿਭਿੰਨ ਕਾਵਿ ਮਾਪ ਦੰਡਾਂ ਜਿਵੇਂ, ਧੁਨੀ, ਵਿਉਂਤ ਰਾਹੀਂ ਅਰਥ ਨਿਖੇੜ, ਵਿਪਰੀਤਾਰਥਕ ਸਬਦ, ਰੂਪਕ, ਸਮਧੁਨੀ ਸ਼ਬਦ, ਦੋਹਰੇ ਸ਼ਬਦ, ਪ੍ਰਤੀ ਧੁਨੀ ਸ਼ਬਦ, ਸਮਾਸ, ਲਕਸ਼ਣਾ ਅਤੇ ਵਿਅੰਜਨਾ ਸ਼ਬਦ ਸ਼ਕਤੀਆਂ, ਬਿੰਬ, ਅਲੰਕਾਰ, ਰਸ ਪ੍ਰਤੀਕ, ਸੰਗੀਤਕ ਤੱਤ ਆਦਿ ਵੀ ਨਿਵੇਕਲੇ ਕਾਵਿ ਸੰਚਾਰ ਲਈ ਮੁੱਖ ਭੂਮਿਕਾ ਨਿਭਾਉਂਦੇ ਹਨ। ਕਾਵਿ ਭਾਸ਼ਾ ਦਾ ਅਰਥ-ਵਿਗਿਆਨਕ ਅਧਿਐਨ, ਅਰਥ ਨਿਖੇੜ ਦੀਆਂ ਵਿਭਿੰਨ ਵਿਧੀਆਂ ਰਾਹੀਂ ਆਮ ਭਾਸ਼ਾ ਤੋਂ ਕਾਵਿ ਭਾਸ਼ਾ ਦੇ ਰੁਪਾਂਤਰਨ ਲਈ ਵੱਖਰੇ ਕਾਵਿ ਰੂਪ ਦੀ ਸਿਰਜਣਾ ਕਰਦਾ ਹੈ।

## ਹਵਾਲੇ ਅਤੇ ਟਿਪਣੀਆਂ

1. ਪ੍ਰੇਮ ਪ੍ਰਕਾਸ, ਸਿਧਾਂਤਕ ਭਾਸ਼ਾ ਵਿਗਿਆਨ, ਪੰਨਾ-12.
2. ਮਹਿੰਦਰ ਕੌਰ, ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਤੇ ਲਿਪੀ, ਪੰਨਾ-93.
3. ਉਹੀ
4. ਉਹੀ
5. ਪ੍ਰੇਮ ਪ੍ਰਕਾਸ, ਭਾਰਤੀ ਕਾਵਿ ਸ਼ਾਸ਼ਤਰ, ਪੰਨਾ-40.
6. ਅਮਰਜੀਤ ਕੌਂਕੇ, ਪਿਆਸ, ਪੰਨਾ-86.
7. ਉਹੀ, ਪੰਨਾ-87.
8. ਉਹੀ, ਪੰਨਾ-77.
9. ਉਹੀ, ਪੰਨਾ-76.
10. ਉਹੀ, ਪੰਨਾ-83.
11. ਉਹੀ, ਪੰਨਾ-84.
12. ਉਹੀ, ਪੰਨਾ-84
13. ਉਹੀ
14. ਉਹੀ, ਪੰਨਾ-72.
15. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-83.

16. ਅਮਰਜੀਤ ਕੌਂਕੇ, ਪਿਆਸ, ਪੰਨਾ-73
17. ਉਹੀ, ਪੰਨਾ-45.
18. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-30
19. ਅਮਰਜੀਤ ਕੌਂਕੇ, ਪਿਆਸ, ਪੰਨਾ-92.
20. ਉਹੀ, ਪੰਨਾ-84.
21. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-25.
22. ਉਹੀ, ਪੰਨਾ-33.
23. ਉਹੀ, ਪੰਨਾ-37.
24. ਉਹੀ, ਪੰਨਾ-44.
25. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-70.
26. ਉਹੀ, ਪੰਨਾ-71.
27. ਉਹੀ, ਪੰਨਾ-72.
28. ਉਹੀ, ਪੰਨਾ-43.
29. ਅਮਰਜੀਤ ਕੌਂਕੇ, ਪਿਆਸ, ਪੰਨਾ-59.
30. ਉਹੀ, ਪੰਨਾ-63.
31. ਉਹੀ, ਪੰਨਾ-19.
32. ਉਹੀ
33. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-37.
34. ਅਮਰਜੀਤ ਕੌਂਕੇ, ਪਿਆਸ, ਪੰਨਾ-15.
35. ਉਹੀ, ਪੰਨਾ-74.
36. ਉਹੀ, ਪੰਨਾ-79.
37. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-26.
38. ਅਮਰਜੀਤ ਕੌਂਕੇ, ਪਿਆਸ, ਪੰਨਾ-30.
39. ਉਹੀ, ਪੰਨਾ-31.
40. ਉਹੀ, ਪੰਨਾ-87.
41. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-50.
42. ਅਮਰਜੀਤ ਕੌਂਕੇ, ਪਿਆਸ, ਪੰਨਾ-32.
43. ਉਹੀ, ਪੰਨਾ-23.

44. ਉਹੀ, ਪੰਨਾ-105.
45. ਉਹੀ, ਪੰਨਾ-74.
46. ਉਹੀ, ਪੰਨਾ-79.
47. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-37.
48. ਉਹੀ, ਪੰਨਾ-77.
49. ਅਮਰਜੀਤ ਕੌਂਕੇ, ਪਿਆਸ, ਪੰਨਾ-19.
50. ਉਹੀ, ਪੰਨਾ-79.
51. ਉਹੀ
52. ਉਹੀ, ਪੰਨਾ-30.
53. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-94.
54. ਅਮਰਜੀਤ ਕੌਂਕੇ, ਪਿਆਸ, ਪੰਨਾ-109.
55. ਉਹੀ, ਪੰਨਾ-40.
56. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-48.
57. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-59.
58. ਅਮਰਜੀਤ ਕੌਂਕੇ, ਪਿਆਸ, ਪੰਨਾ-11.
59. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-62.
60. ਅਮਰਜੀਤ ਕੌਂਕੇ, ਪਿਆਸ, ਪੰਨਾ-152.
61. ਉਹੀ, ਪੰਨਾ-17.
62. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-44.
63. ਉਹੀ, ਪੰਨਾ-52.
64. ਅਮਰਜੀਤ ਕੌਂਕੇ, ਪਿਆਸ, ਪੰਨਾ-11.
65. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-34.
66. ਉਹੀ, ਪੰਨਾ-35.
67. ਉਹੀ, ਪੰਨਾ-38.
68. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-35.
69. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-24.
70. ਉਹੀ, ਪੰਨਾ-19.
71. ਅਮਰਜੀਤ ਕੌਂਕੇ, ਪਿਆਸ, ਪੰਨਾ-25.

72. ਉਹੀ

## ਅਧਿਆਇ –ਚੌਥਾ

## ਅਮਰਜੀਤ ਕੌਂਕੇ ਕਾਵਿ: ਸੁਹਜ ਸੰਵੇਦਨਾ ਦੇ ਭਾਸ਼ਾਈ ਅਤੇ ਕਾਵਿਕ ਪਾਸਾਰ

ਸੁਹਜ ਸ਼ਾਸ਼ਤਰ ਇਕ ਅਜਿਹਾ ਵਿਸ਼ਾ ਹੈ ਜਿਸ ਦੇ ਅੰਦਰ ਸੁਹਜ ਦਾ ਸਾਰਾ ਖੇਤਰ ਸਮਾ ਜਾਂਦਾ ਹੈ। ਵੱਖ-ਵੱਖ ਕਲਾਵਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਮਨੁੱਖ ਦੇ ਵਿਵਹਾਰ ਦਾ ਸਿਧਾਂਤਕ ਅਧਿਐਨ ਹੈ। ਸੁਹਜ ਸ਼ਾਸ਼ਤਰ ਨੂੰ ਇੰਦਰੀਆਂ ਦੁਆਰਾ ਪ੍ਰਾਪਤ ਸਹਿਜ ਅਨੁਭਵ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। "ਸੁਹਜ-ਸਿਰਜਣਾ ਦੇ ਆਧਾਰਾਂ ਅਤੇ ਨਿਯਮਾਂ ਦੇ ਸੰਗਠਿਤ ਅਧਿਐਨ ਨੂੰ ਸੁਹਜ ਸ਼ਾਸਤਰ ਕਿਹਾ ਜਾਂਦਾ ਹੈ।"[1] ਅੰਗਰੇਜੀ ਭਾਸ਼ਾ ਦੇ ਸ਼ਬਦ 'ਐਸਥੈਟਿਕਸ' ਦੇ ਸਮਾਨਾਰਥੀ ਪੰਜਾਬੀ ਵਿਚ ਸੁਹਜ-ਸ਼ਾਸਤਰ ਜਾਂ ਸੁਹਜ ਵਿਗਿਆਨ ਦਾ ਪ੍ਰੋਯੋਗ ਕੀਤਾ ਜਾਂਦਾ ਹੈ। ਹਿੰਦੀ ਸਾਹਿਤ ਵਿਚ 'ਐਸਥੈਟਿਕਸ' ਲਈ 'ਸੌਂਦਰਯ ਸ਼ਾਸਤਰ' ਅਤੇ 'ਲਾਲਿਤਯ ਦਰਸ਼ਨ' ਸ਼ਬਦ ਦੀ ਵਰਤੋਂ ਕੀਤੀ ਹੈ। ਸੁਹਜ ਸ਼ਾਸਤਰ ਮਨੁੱਖੀ ਸੁਹਜ-ਸੰਵੇਦਨਾ ਨਾਲ ਸੰਬੰਧਿਤ ਰਿਹਾ ਹੈ।"ਸੁਹਜ-ਸ਼ਾਸਤਰ ਕਲਾਵਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਮਾਨਵੀ ਵਿਵਹਾਰ ਅਤੇ ਅਨੁਭੂਤੀ ਦਾ ਸਿਧਾਂਤਕ ਅਧਿਐਨ ਹੈ।"[2] ਸੁਹਜ ਸ਼ਾਸਤਰ ਅਜਿਹਾ ਵਿਗਿਆਨ ਹੈ ਜੋ ਸੁਹਜ ਦੇ ਸਿਰਜਣਾਤਮਕ ਆਧਾਰਾਂ ਤੇ ਸੁਹਜ ਦੇ ਵੱਖ-ਵੱਖ ਰੂਪਾਂ ਦਾ ਅਧਿਐਨ ਕਰਦਾ ਹੈ। "ਸੁਹਜ ਸ਼ਾਸਤਰ ਮਨੁੱਖ ਦੁਆਰਾ ਸੰਸਾਰ ਦੇ ਸੁਹਜਾਤਮਕ ਆਤਮਸਾਤਕਰਣ ਦੇ ਨਿਯਮਾਂ ਅਨੁਸਾਰ ਸਿਰਜਨਾਤਮਕ ਕਾਰਜ ਦੇ ਸਾਰ ਅਤੇ ਰੂਪਾਂ ਦਾ ਸ਼ਾਸਤਰ ਹੈ।"[3]

**ਕਾਵਿ ਸ਼ਾਸਤਰ ਤੇ ਸੁਹਜ ਸ਼ਾਸਤਰ**

'ਕਾਵਿ' ਸ਼ਬਦ, ਅਰਥ ਦੀ ਦ੍ਰਿਸ਼ਟੀ ਤੋਂ ਸੌਂਦਰਯ ਦੀ ਅਭਿਵਿਅਕਤੀ ਦਾ ਨਾਂ ਹੈ।ਮੁੱਖ ਰੂਪ ਵਿਚ ਸੁਹਜ ਦੇ ਦੋ ਪੱਖ ਮੰਨੇ ਜਾਂਦੇ ਹਨ- ਭਾਵ ਪੱਖ ਅਤੇ ਰੂਪ ਪੱਖ। ਭਾਵਪੱਖ ਦਾ ਸੰਬੰਧ ਸੁੰਦਰਤਾ ਦੀ ਅਨੁਭੂਤੀ ਨਾਲ ਹੁੰਦਾ ਹੈ। ਰੂਪ ਦਾ ਸੰਬੰਧ ਵਸਤੂ ਗੁਣ ਨਾਲ ਹੁੰਦਾ ਹੈ।

**ਭਾਰਤੀ ਕਾਵਿ ਸ਼ਾਸਤਰ ਵਿਚ ਸੁਹਜ:**

ਭਾਰਤੀ ਕਾਵਿ ਸ਼ਾਸਤਰ ਵਿਚ ਸੁਹਜ ਸ਼ਾਸਤਰ ਦਾ ਸਰੂਪ ਝਲਕਦਾ ਹੈ।ਭਾਰਤੀ ਕਾਵਿ ਸ਼ਾਸਤਰ ਦੇ ਸਿਧਾਂਤਾਂ ਧੁਨੀ ਸਿਧਾਂਤ, ਰਸ ਸਿਧਾਂਤ, ਔਚਿਤਯ ਸਿਧਾਂਤ, ਵਕ੍ਰੋਕਤੀ ਸਿਧਾਂਤ ਵਿਚ ਸੁਹਜ ਦਾ ਵਰਨਣ ਹੁੰਦਾ ਹੈ। ਪੰਡਿਤ ਰਾਮਦਹਿਨ ਮਿਸ਼੍ਰ ਅਨੁਸਾਰ, "ਅੰਲਕਾਰਾਂ ਦੀ ਸਹੀ ਵਰਤੋਂ ਕਾਵਿ ਸੁਹਜ ਵਧਾਉਣ ਲਈ ਹੀ ਹੈ। ਸੁਹਜ ਸੁਆਦ ਜਾਂ ਰਸਣੀਕਰਤਾ ਪੈਦਾ ਕਰਨਾ ਅਲੰਕਾਰ ਦਾ ਕੰਮ ਹੈ ਅਤੇ ਉਨ੍ਹਾਂ ਦਾ ਦੂਜਾ ਕੰਮ ਭਾਵਾਂ ਦੀ ਪ੍ਰਗਟਾ ਸ਼ੈਲੀ ਨੂੰ ਚਮਤਕਾਰੀ ਅਤੇ ਪ੍ਰਭਾਵਸ਼ਾਲੀ ਬਣਾਉਣਾ ਹੈ।"[4] ਵਾਮਨ ਨੇ ਲਿਖਿਆ ਹੈ, "ਸੁੰਦਰਤਾ ਜਾਂ ਸੌਂਦਰਯ ਹੀ ਅਲੰਕਾਰ ਹੈ। ਕਾਵਿ ਦੀ ਸੁੰਦਰਤਾ ਦੇ ਸਿਰਜਨਹਾਰ ਧਰਮ, ਗੁਣ (ਕਾਵਿ ਗੁਣ), ਉਨ੍ਹਾਂ (ਗੁਣਾਂ) ਦੇ ਵਧਾਉਣ ਦੇ ਕਾਰਣ (ਹੇਤੂ) ਹਨ 'ਅੰਲਕਾਰ'।"[5] ਭਾਮਹ ਅਨੁਸਾਰ, "ਸਹਿਜ ਸੁਭਾ' ਰੂਪ ਵਾਲੀ ਭਾਸ਼ਾ ਵਿਚ ਕੋਈ ਚਮਤਕਾਰ ਨਹੀ ਹੁੰਦਾ।ਭਾਸ਼ਾ (ਵਾਣੀ ਦੀ ਸਜਾਵਟ ਲਈ ਵਕ੍ਰੋਕਤੀ ਅਰਥਾਤ ਵਿੰਗੇ ਟੇਢੇ ਢੰਗ ਨਾਲ ਕਥਨ ਕਰਨਾ ਆਵੱਸ਼ਕ ਹੈ ਅਤੇ ਸੁੰਦਰੀ ਦਾ ਅਣ-ਸਿੰਗਾਰਿਆ ਮੁੱਖੜਾ ਸੁਹਣਾ ਹੁੰਦਾ ਹੋਇਆ ਵੀ ਗਹਿਣਿਆਂ ਤੋਂ ਬਗੈਰ ਪੂਰੀ ਸ਼ੋਭਾ ਨਹੀਂ ਦਿੰਦਾ।"[6] ਮੰਮਟ ਨੇ ਅਲੰਕਾਰ ਰਸ ਦੀ ਸ਼ੋਭਾ ਵਧਾਉਣ ਵਾਲੇ ਤੱਤ ਕਿਹਾ ਹੈ।ਦੰਡੀ ਅਨੁਸਾਰ, "ਸੁੰਦਰ ਚਮਤਕਾਰੀ ਅਰਥ ਭਰਪੂਰ ਪਦਾਵਲੀ ਦਾ ਨਾਂ ਕਾਵਿ ਸਰੀਰ ਹੈ।"[7] ਕੁੰਤਕ ਨੇ ਲਿਖਿਆ ਕਿ "ਰਮਣੀਕਤਾ ਦੀ ਵਿਸ਼ੇਸ਼ਤਾ ਰੱਖਣ ਵਾਲੇ ਸ਼ਬਦ ਅਤੇ ਅਰਥ ਦੇ ਸਹਿਭਾਵ ਨੂੰ ਹੀ ਕਾਵਿ ਕਿਹਾ ਜਾਂਦਾ ਹੈ।"[7] ਜਗਨਨਾਥ ਅਨੁਸਾਰ, "ਰਮਣੀਕ ਅਰਥਾਂ ਨੂੰ ਪ੍ਰਗਟਾਉਣ ਵਾਲਾ ਸ਼ਬਦ ਕਾਵਿ ਹੈ।"[8] ਮਨੁੱਖੀ ਸੁਹਜ ਸਿਰਜਣਾ ਦੇ ਬਹੁ-ਭਾਤੀ ਰੂਪ ਹਨ। ਮਨੁੱਖ ਵੱਖ-ਵੱਖ ਤਰ੍ਹਾਂ ਨਾਲ ਵੱਖ-ਵੱਖ ਪਧੱਰਾਂ ਤੇ ਸੁਹਜ ਸਿਰਜਣਾ ਕਰਦਾ ਹੈ। ਸੁਹਜ ਸਿਰਜਣਾ ਰੱਬੀ ਜਾਂ ਅਲੋਕਿਕ ਵਰਤਾਰਾ ਨਹੀਂ ਹੈ। ਸਮਾਜ ਵਿਚ ਰਹਿੰਦਿਆ ਕਿਸੇ ਮਨੁੱਖ ਨੂੰ ਕੁਝ ਵਸਤੂਆਂ ਸੁੰਦਰ ਲੱਗਦੀਆਂ ਹਨ ਜਾਂ ਉਹ ਵਸਤੂਆਂ ਖੁਸ਼ੀ ਅਤੇ ਆਨੰਦ ਦਿੰਦੀਆਂ ਹਨ। ਇਸ ਦਾ ਕਾਰਨ ਮਨੁੱਖ ਦੀ ਉਹ ਸੁਹਜ ਚੇਤਨਾ ਹੈ ਜਿਸ ਕਾਰਨ ਵਸਤੂਆਂ ਦਾ ਪ੍ਰਤੱਖਣ ਕਰਦਾ ਹੈ। ਅਜਿਹੀ ਸਥਿਤੀ ਨੂੰ ਰਸ ਸਿਧਾਂਤ ਵਿਚ ਸਥਾਈ ਭਾਵ ਕਿਹਾ ਜਾਂਦਾ ਹੈ। ਸੁਹਜਾਤਮਕ ਵਸਤੂ ਸੁਹਜ ਪ੍ਰਦਾਨ ਕਰਨ ਵਾਲੀ ਵਸਤੂ ਹੈ ਜਿਸ ਦੁਆਰਾ ਸੁਹਜ ਗ੍ਰਹਿਣ ਕੀਤਾ ਜਾਂਦਾ ਹੈ। "ਬੌਮਗਾਰਟਨ ਨੇ ਇਸ ਸ਼ਬਦ ਨੂੰ ਸੰਵੇਦਨਸ਼ੀਲਤਾ ਜਾਂ ਇਦਰੀਆਂ ਦੁਆਰਾ ਪ੍ਰਾਪਤ ਸਹਿਜ ਅਨੁਭਵ ਦੇ ਅਰਥਾਂ ਵਿਚ ਵਰਤਿਆ ਸੀ।"[9] ਸੁੰਦਰ ਵਸਤੂ ਰੂਪਬੱਧ ਹੁੰਦੀ ਹੈ। ਰੂਪਾਤਮਕ ਸੰਰਚਨਾ ਦੇ ਨਾਲ-ਨਾਲ ਸੁਹਜਾਤਮਕ ਵਸਤੂ ਦਾ ਅਭਿਵਿਅੰਜਕ ਹੋਣਾ ਜਰੂਰੀ ਹੈ। ਕਲਾਕਿਰਤਾਂ ਭਾਵਾਵਾਂ ਨੂੰ ਮਨੁੱਖੀ ਬੋਧ ਲਈ ਰੂਪ ਬਧ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਜੀਵਨ ਦੇ ਅਭਿਵਿਅੰਜਕ ਪ੍ਰਤੀਕ ਅਤੇ ਬਿੰਬ ਦੇ ਰੂਪ ਵਿਚ ਪੇਸ਼ ਕਰਦੀਆਂ ਹਨ। ਕਲਾਕਿਰਤ ਲਈ ਮਾਧਿਅਮ ਸਮੱਗਰੀ ਕਲਾ ਦਾ ਸਰੀਰ ਅਤੇ ਕਲਾਕਾਰ ਦੀ ਭਾਵਨਾਵਾਂ ਉਸ ਦੀ ਆਤਮਾ ਮੰਨਿਆ ਗਿਆ ਹੈ। ਕਲਾਕਿਰਤ ਦੀ ਸੁੰਦਰਤਾ ਦਾ ਮੂਲ ਭੇਦ ਭਾਵ ਦੀ ਅਭਿਵਿਅਕਤੀ ਹੈ। ਕਲਾ ਲਈ ਭਾਵਮਈ ਦ੍ਰਿਸ਼ ਜਰੂਰੀ ਹੁੰਦਾ ਹੈ। ਸੁਹਜਾਤਮਕਤਾ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ- ਭੌਤਿਕ ਸੁਹਜਾਤਮਕ, ਰੂਪਗਤ ਸੁਹਜ, ਵਿਸ਼ਾਗਤ ਸੁਹਜ।

**ਭੌਤਿਕ ਸੁਹਜਾਤਮਕ**:- ਭਾਰਤੀ ਅਲੋਚਨਾ ਵਿਚ ਵੱਖ-ਵੱਖ ਕਲਾਵਾਂ ਦੇ ਭੌਤਿਕ ਸੁਹਜਾਤਮਕ ਦਾ ਵਰਣਨ ਮਿਲਦਾ ਹੈ। ਕਾਵਿ ਦੇ ਭੌਤਿਕ ਸੁਹਜਾਤਮਕ ਸੰਬੰਧੀ ਇਹ ਧਾਰਨਾ ਹੈ ਕਿ ਜਿਸ ਸ਼ਬਦ, ਸਮਾਸ ਦੇ ਸੁਣਨ ਉਪਰੰਤ ਸ਼ਬਦ ਦੇ ਅਰਥ ਦੀ ਪ੍ਰਤੀਤੀ ਹੋ ਜਾਵੇ ਤਾਂ ਉਹ ਅੱਖਰਾਂ, ਸਮਾਸਾਂ ਵਿਚ ਰਹਿਣ ਵਾਲਾ ਗੁਣ ਮੰਨਿਆ ਜਾਂਦਾ ਹੈ। ਸਾਹਿਤ ਸਿਰਜਣਾ ਮਨੁੱਖ ਦੀ ਵਿਸ਼ੇਸ਼ ਸੁਹਜ ਸਿਰਜਣਾ ਹੈ ਜਿਸਦਾ ਮਾਧਿਅਮ ਭਾਸ਼ਾ ਹੈ। ਅੱਖਰਾਂ, ਸ਼ਬਦਾਂ ਤੋਂ ਇਲਾਵਾ ਭਾਸ਼ਾ ਵੀ ਕਾਵਿ ਸੁਹਜ ਦਾ ਮੁੱਖ ਆਧਾਰ ਹੈ।

**ਰੂਪਗਤ ਸੁਹਜ**:- ਭਾਰਤੀ ਕਾਵਿ ਸ਼ਾਸਤਰ ਦੇ ਛੇ ਸਿਧਾਂਤ ਹਨ, ਰਸ ਸਿਧਾਤ, ਧੁਨੀ ਸਿਧਾਂਤ, ਅਲੰਕਾਰ ਸਿਧਾਂਤ, ਰੀਤਿ ਸਿਧਾਂਤ, ਵਕ੍ਰੋਕਤੀ ਸਿਧਾਂਤ, ਔਚਿਤਯ ਸਿਧਾਂਤ ਜੋ ਸੁਹਜ ਪ੍ਰਦਾਨ ਕਰਦੇ ਹਨ। ਰੂਪਗਤ ਸੁਹਜ ਦਾ ਮੁਲਾਂਕਣ ਉਪਰੋਕਤ ਸਿਧਾਂਤਾਂ ਵਿਚ ਹੀ ਨਿਹਿਤ ਹੈ।

**ਵਿਸ਼ਾਗਤ ਸੁਹਜ**:- ਇਹ ਅਰਥਗਤ ਸੁਹਜ ਹੈ। ਭਾਵ ਸੁਹਜ ਅਤੇ ਵਿਚਾਰ ਸੁਹਜ ਦਾ ਵਿਵੇਚਨ ਭਾਰਤੀ ਕਾਵਿ ਸ਼ਾਸਤਰ ਦੇ ਰਸ, ਧੁਨੀ ਅਤੇ ਵਕ੍ਰੋਕਤੀ ਸਿਧਾਂਤਾਂ ਦੇ ਅਤਰਗਤ ਕੀਤਾ ਗਿਆ ਹੈ। ਰਸ ਸਿਧਾਂਤ ਭਾਵੇਂ ਸੁਹਜ ਦਾ ਹੀ ਪਰਿਆਇ ਹੈ। ਕਵੀ ਆਪਣੇ ਵਿਚਾਰ ਨੂੰ ਸੁੰਦਰ ਰੂਪ ਦੇਣ ਲਈ ਕਈ ਪ੍ਰਕਾਰ ਦੀਆਂ ਵਿਧੀਆਂ ਦੀ ਵਰਤੋਂ ਕਰਦਾ ਹੈ।ਇਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਧੀ ਅਭਿਵਿਅੰਜਨਾ ਹੈ ਜੋ ਕਲਪਨਾ ਸ਼ਕਤੀ ਉੱਪਰ ਅਧਾਰਿਤ ਹੈ।

### ਕਾਵਿ ਸੰਵੇਦਨਾ

'ਸੰਵੇਦਨਾ' ਸ਼ਬਦ Sensation ਦਾ ਪਰਿਆਇਵਾਚੀ ਸ਼ਬਦ ਹੈ। ਸੰਵੇਦਨਾ ਦਿਮਾਗ ਦੀ ਸਾਧਾਰਨ, ਸਰਲ ਅਤੇ ਪਹਿਲੀ ਪ੍ਰਕਿਰਿਆ ਹੈ ਜਿਸ ਨੂੰ ਪ੍ਰਤੱਖੀਕਰਣ ਤੋਂ ਵੱਖਰਾ ਕਰ ਕੇ ਸਮਝਣਾ ਅਸੰਭਵ ਹੁੰਦਾ ਹੈ। ਸੰਵੇਦਨਾ ਇਕ ਮਨੋਵਿਗਿਆਨਕ ਕਲਪਨਾ ਹੈ। ਸੰਸਕ੍ਰਿਤ ਭਾਸ਼ਾ ਅਤੇ ਭਾਰਤੀ ਕਾਵਿ ਵਿਚ ਇਸ ਸ਼ਬਦ ਦਾ ਪ੍ਰਯੋਗ ਪਹਿਲਾਂ ਤੋਂ ਹੀ ਹੁੰਦਾ ਆ ਰਿਹਾ ਹੈ। ਸੰਸਕ੍ਰਿਤ ਦੀ ਕਿਰਿਆ 'ਵਿਦ' ਤੋਂ ਇਸ ਦੀ ਉਤਪਤੀ ਹੋਈ ਹੈ ਜਿਸ ਕਾਰਨ ਇਸ ਦੀ ਪ੍ਰਕਿਰਤੀ ਗਿਆਨਮਈ ਅਤੇ ਬੋਧਿਕ ਹੋ ਜਾਂਦੀ ਹੈ। 'ਵਿਦ' ਦਾ ਅਰਥ ਹੈ, 'ਬੋਧ', 'ਗਿਆਨ', 'ਅਨੁਭਵ' ਆਦਿ। ਵੱਖ-ਵੱਖ ਕੋਸ਼ਾਂ ਅਨੁਸਾਰ 'ਸੰਵੇਦਨਾ' ਦੇ ਅਰਥ ਵੀ ਵੱਖ-ਵੱਖ ਲਏ ਗਏ ਹਨ।

- ਸੰਵੇਦ ਸ਼ਕਤੀ (ਜਾਗਰੁਕ ਹੋਣਾ ਜਾਂ ਅਨੁਭਵ ਕਰਨਾ)
- ਭਾਵੁਕਤਾ (ਭਾਵਾਤਮਕ ਜਾਗਰੂਕਤਾ, ਅਨੰਦਮਈ)
- ਪ੍ਰਭਾਵੀਯਤਾ (ਸਿੱਧੇ ਢੰਗ ਰਾਹੀਂ ਅਨੁਭਵ ਕਰਨਾ)
- ਭਾਵ ਪ੍ਰਵਣਤਾ (ਸੰਵੇਦਤਾ ਦੇ ਅਰਥਾਂ ਨਾਲ ਸੰਬੰਧਿਤ)
- ਗੁਣ ਗ੍ਰਹਿਕਤਾ (ਮਾਨਸਿਕ ਗ੍ਰਹਿਣ, ਅਨੁਭਵ ਦੀ ਸਮਰਥਾ)

ਡਾ.ਬਲਜੀਤ ਕੌਰ ਅਨੁਸਾਰ, "ਇਹ ਮਨੁੱਖ ਦੇ ਸੁਹਜ ਦੀ ਤ੍ਰਿਪਤੀ ਦਾ ਆਨੰਦ ਹੈ ਜੋ ਕਿਸੇ ਵਸਤੂ ਦੇ ਰੂਪਾਤਮਕ ਗੁਣਾਂ ਦੇ ਨਿਰਲੇਪ ਪ੍ਰਤੱਖਣ ਦੀ ਪ੍ਰਕਿਰਿਆ ਵਿਚ ਉਨ੍ਹਾਂ ਨਾਲ ਪ੍ਰੇਖਕ ਦੀ ਮਾਨਸਿਕ ਤਨਮਇਤਾ ਦਾ ਸਹਿਜ ਪ੍ਰਤੀਫਲ ਹੈ।"[10]

ਰੇਮੰਡ ਵਿਲੀਅਮ ਅਨੁਸਾਰ, " ਸੰਵੇਦਨਾ ਉਹ ਹੈ, ਜਿਸ ਨਾਲ ਕਲਾ ਗਤੀਮਾਨ ਹੋਈ ਹੈ ਅਤੇ ਜਿਸ ਦੁਆਰਾ ਉਸ ਦਾ

ਬੋਧ ਹੋਇਆ ਹੈ।"[11] ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ, "ਸੰਵੇਦਨਾ ਅਨੁਭਵ ਕਰਨ ਦੀ ਪ੍ਰਕਿਰਤੀ, ਮਹਿਸੂਸ ਕਰਨ ਦੀ ਸ਼ਕਤੀ ਅਤੇ ਕਾਮਨਾ ਅਤੇ ਪ੍ਰਤੱਖ ਗਿਆਨ ਨਾਲੋਂ ਭਿੰਨ ਕਿਸੇ ਵਸਤੂ ਦੇ ਪ੍ਰਤੀ ਸਜਰਾ/ਜਾਗਰੂਕ ਜਾਂ ਉਸ ਦਾ ਮਨੋ ਮਹਿਸੂਸ ਕਰਨਾ ਹੈ। ਸਾਹਿਤ ਵਿਚ ਇਸ ਨੂੰ ਸਾਧਾਰਣੀਕਰਨ ਨਾਲ ਜੋੜਿਆ ਜਾਂਦਾ ਹੈ।"[12] ਮਾਨਵਿਕੀ ਪਰਿਭਾਸ਼ਕ ਕੋਸ਼ ਵਿਚ ਸੰਵੇਦਨਾ ਦਾ ਅਰਥ,"ਇਹ ਬੁਧੀ ਅਤੇ ਸੰਕਲਪ ਤੋਂ ਅਲੱਗ ਭਾਵਾਵਾਂ ਦੇ ਉਤਪੰਨ ਹੋਣ ਦੀ ਸਮਰਥਾ ਹੁੰਦੀ ਹੈ ਜਿਸ ਕਾਰਨ ਮਨੁੱਖ ਸੁਖੀ ਅਤੇ ਦੁੱਖੀ ਅਵਸਥਾ ਦੇ ਪ੍ਰਭਾਵਾਂ ਨੂੰ ਜਲਦੀ ਗਹਿਣ ਕਰਦਾ ਹੈ ਅਤੇ ਉਨ੍ਹਾਂ ਦੇ ਸੁਭਾਅ ਵਿਚ ਅਨੁਭਵ ਪ੍ਰਤੀ ਬੜੀ ਤੀਬਰ ਪ੍ਰਤੀਕਿਰਿਆ ਸਥਾਈ ਰੂਪ ਵਿਚ ਗ੍ਰਹਿਣ ਕਰ ਲੈਂਦੀ ਹੈ। ਸੰਵੇਦਨਸ਼ੀਲ ਵਿਅਕਤੀ ਆਪਣੇ ਅਨੁਭਵ ਪ੍ਰਤੀ ਆਮ ਆਦਮੀ ਨਾਲੋਂ ਵਧੇਰੇ ਜਾਗਰੂਕ ਹੁੰਦਾ ਹੈ।"[13]

ਉਪਰੋਕਤ ਪਰਿਭਾਸ਼ਾਵਾਂ ਦੇ ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ 'ਸੰਵੇਦਨਾ' ਕਲਾ ਨੂੰ ਗਤੀਮਾਨ ਕਰਨ ਦਾ ਆਧਾਰ ਹੈ ਤੇ ਇਸ ਦਾ ਪ੍ਰਗਟਾਵਾ ਗਿਆਨ ਰਾਹੀਂ ਹੁੰਦਾ ਹੈ। ਸੰਵੇਦਨਾ ਮਨੁੱਖ ਉੱਪਰ ਹੋਣ ਵਾਲੇ ਪ੍ਰਭਾਵ ਦੀ ਪ੍ਰਤਿਕਿਰਿਆ ਹੈ। ਅਨੁਭਵਾਂ ਦੌਰਾਨ ਪੈਦਾ ਹੋਣ ਵਾਲੀ ਬੁੱਧੀ ਦਾ ਨਾਂ ਸੰਵੇਦਨਾ ਹੈ। ਇਹ ਕਾਲਪਨਿਕ ਆਨੰਦ ਹੈ ਅਤੇ ਉਤਮ ਭਾਵਨਾ ਹੈ। ਸੰਵੇਦਨਾ ਕਈ ਅਨੁਸ਼ਾਸਨਾਂ ਵਿਚ ਵਰਤਿਆ ਜਾਣ ਵਾਲਾ ਸ਼ਬਦ ਹੈ, ਜਿਵੇਂ ਦਰਸ਼ਨ ਸ਼ਾਸਤਰ, ਮਨੋਵਿਗਿਆਨ ਸ਼ਾਸਤਰ, ਸਾਹਿਤ ਸ਼ਾਸਤਰ ਆਦਿ। ਦਰਸ਼ਨ ਸ਼ਾਸਤਰ ਵਿਚ ਇਸ ਦਾ ਸਰੂਪ ਸੰਜੋਗਾਤਮਕ ਹੈ।ਮਨੋਵਿਗਿਆਨ ਵਿਚ ਇਹ ਅਜਿਹੀ ਮਾਨਸਿਕ ਪ੍ਰਕਿਰਿਆ ਹੈ, ਜਿਸ ਵਿਚ ਇੰਦਰੀਆਂ ਦੀ ਉਤੇਜਨਾ ਅਤੇ ਅਨੁਭਵ ਹਨ।

**ਸੰਵੇਦਨਾ ਦੇ (ਘਟਕ) ਤੱਤ:-**

ਸੰਵੇਦਨਾ, ਕਾਵਿ ਸਿਰਜਣਾ ਦੇ ਮੂਲ ਆਧਾਰਾਂ ਦਾ ਕੇਂਦਰੀ ਹੈ।ਕਾਵਿ ਵਿਚ ਗਹਿਰਾਈ ਕਵੀ ਦੀ ਸੰਵੇਦਨਸ਼ੀਲਤਾ ਤੋਂ ਹੀ ਹੁੰਦੀ ਹੈ।ਕਵੀ ਜਿੰਨਾਂ ਸੰਵੇਦਨਸ਼ੀਲ ਹੋਵੇਗਾ ਉਸ ਦੀ ਰਚਨਾ ਵਿਚ ਗਹਿਰਾਈ ਵੀ ਉਨੀਂ ਹੀ ਜਿਆਦਾ ਹੋਵੇਗੀ। ਕਵੀ ਇਕ ਸਮਾਜਿਕ ਪ੍ਰਾਣੀ ਹੈ।ਇਸ ਲਈ ਉਸ ਦੀ ਰਚਨਾ ਵਿਚ ਨਿੱਜਤਾ, ਸਮਾਜਿਕ ਯਥਾਰਥ ਅਤੇ ਪਾਠਕ ਦੀ ਭੂਮਿਕਾ ਆਦਿ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ ਹੈ। ਸੰਵੇਦਨਾ ਦੇ ਤਿੰਨ ਘਟਕ ਤੱਤ ਨਿਰਧਾਰਿਤ ਕੀਤੇ ਗਏ ਹਨ ਜੋ ਹੇਠ ਲਿਖੇ ਅਨੁਸਾਰ ਹਨ।

1. ਕਵੀ
2. ਸਮਾਜਕ ਯਥਾ
3. ਪਾਠਕ

ਲੇਖਕ (ਕਵੀ) ਗਿਆਨ ਇੰਦਰੀਆਂ ਰਾਹੀਂ ਸਮਾਜ ਦੀਆਂ ਵਸਤੂਆਂ, ਕਿਰਿਆਵਾਂ ਦਾ ਅਨੁਭਵ ਕਰਦਾ ਹੈ।ਕਵੀ ਜੋ ਵੀ ਅਨੁਭਵ ਕਰਦਾ ਹੈ ਉਸ ਦਾ ਪ੍ਰਭਾਵ ਉਸ ਦੇ ਮਨ ਤੇ ਪੈਂਦਾ ਹੈ।ਸੰਵੇਦਨਾ ਦਾ ਇਹ ਪਹਿਲਾ ਪੜਾਅ ਵਿਅਕਤੀ ਦੇ ਮਨੋਵਿਗਿਆਨ ਨਾਲ ਜੁੜਿਆ ਹੁੰਦਾ ਹੈ।ਕਵੀ ਸਮਾਜਿਕ ਪ੍ਰਾਣੀ ਹੁੰਦਾ ਹੈ।ਕਵੀ ਜਦੋਂ ਆਪਣੇ ਸਾਹਿਤ ਰੂਪ ਦੀ ਰਚਨਾ ਕਰ ਰਿਹਾ ਹੁੰਦਾ ਹੈ ਤਾਂ ਉਹ ਸਮਾਜ ਨੂੰ ਅਣਦੇਖਾ ਨਹੀਂ ਕਰਦਾ ਹੈ। ਕਵੀ ਦੇ ਮਨ ਵਿਚ ਸਮਾਜਕ ਯਥਾਰਥ ਵੀ ਕਿਰਿਆਸ਼ੀਲ ਹੁੰਦਾ ਹੈ।ਕਵੀ ਆਪਣੀ ਰਚਨਾ ਦਾ ਆਧਾਰ ਸਮਾਜ ਦੇ ਹਰ ਪੱਖ ਨੂੰ ਬਣਾਉਂਦਾ ਹੈ।ਕਵੀ ਲਿਖਣ ਸਮੇਂ

ਆਪਣੇ ਨਿੱਜ, ਸਮਾਜ ਦੇ ਨਾਲ-ਨਾਲ ਆਪਣੇ ਪਾਠਕਾਂ ਨੂੰ ਵੀ ਧਿਆਨ ਵਿਚ ਰਖਦਾ ਹੈ।ਇਸ ਤਰ੍ਹਾਂ ਰਚਨਾ ਵਿਚੋਂ ਝਲਕਦੀ ਸੰਵੇਦਨਾ ਪਾਠਕ ਦੇ ਅਨੁਕੂਲ ਹੋ ਜਾਂਦੀ ਹੈ ਅਤੇ ਕਈ ਵਾਰ ਪਾਠਕ ਸੰਵੇਦਨਾ ਦੇ ਅਨੁਕੂਲ ਹੋ ਜਾਂਦਾ ਹੈ।

ਡਾ. ਸਤਾਂਸੂ ਅਨੁਸਾਰ ਕਾਵਿ ਸੰਵੇਦਨਾ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ, ਗ੍ਰਹਿਣਸ਼ੀਲਤਾ, ਰਚਨਾ ਪ੍ਰਕਿਰਿਆ ਅਤੇ ਅਭਿਵਿਅਕਤੀ।ਪਹਿਲੇ ਪੜਾਅ ਗ੍ਰਹਿਣਸ਼ੀਲਤਾ ਵਿਚ ਰਚਨਾਕਾਰ ਕਿਸੇ ਵਸਤੂ ਜਾਂ ਮਨੁੱਖ ਦੇ ਸੰਪਰਕ ਵਿਚ ਆਉਂਦਾ ਹੈ।ਇਹ ਪੜਾਅ ਮਾਨਸਿਕਤਾ ਉੱਪਰ ਆਧਾਰਿਤ ਹੈ।ਦੂਜਾ ਪੜਾਅ ਰਚਨਾ ਪ੍ਰਕਿਰਿਆ ਹੈ ਇਸ ਵਿਚ ਕਵੀ ਸੰਵੇਦਨਾ ਨੂੰ ਬਿੰਬ, ਧੁਨੀ ਦੇ ਆਧਾਰ ਤੇ ਭਾਸ਼ਾਗਤ ਕਰਨ ਲਈ ਯਤਨਸ਼ੀਲ ਹੁੰਦਾ ਹੈ।ਤੀਜਾ ਪੜਾਅ ਅਭਿਵਿਅਕਤੀ ਹੈ।ਜਦ ਰਚਨਾਕਾਰ ਆਤਮ ਅਭਿਵਿਅਕਤੀ ਕਰਨਾ ਚਾਹੁੰਦਾ ਹੈ ਤਾਂ ਉਹ ਸ਼ਬਦਾਂ ਨੂੰ ਮਾਧਿਅਮ ਬਣਾਉਂਦਾ ਹੈ। ਰਚਨਾਕਾਰ ਦੇ ਮਨ ਵਿਚ ਜੋ ਕੁਝ ਹੁੰਦਾ ਹੈ ਉਹ ਸ਼ਾਬਦਿਕ ਪੱਧਰ ਤੇ ਪ੍ਰਗਟਾਉਂਦਾ ਹੈ।ਜਦੋਂ ਵੀ ਕਿਸੇ ਰਚਨਾ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਸੰਵੇਦਨਾ ਦੇ ਪੱਧਰ ਤੇ ਇਨ੍ਹਾਂ ਪੜਾਵਾਂ ਦਾ ਧਿਆਨ ਰੱਖਿਆ ਜਾਂਦਾ ਹੈ।ਸੁਹਜ ਦੇ ਤਿੰਨ ਭੇਦ ਹਨ।

## ਸੁਹਜ ਸੰਵੇਦਨਾ ਅਤੇ ਕਾਵਿਕ ਲੈਅ

ਭੌਤਿਕ ਸੁਹਜ ਰਾਹੀਂ ਅਮਰਜੀਤ ਕੌਂਕੇ ਦੇ ਕਾਵਿ ਸੁਹਜ ਦਾ ਬੋਧ ਕਰਵਾਇਆ ਗਿਆ ਹੈ। ਭਾਸ਼ਾ ਭੌਤਿਕ ਸੁਹਜ ਦਾ ਮੁੱਖ ਪਹਿਲੂ ਹੈ।ਇਸ ਲਈ ਕੌਂਕੇ ਕਾਵਿ ਵਿਚ ਤੁਕਾਂਤ, ਲੈਅ ਅਤੇ ਸੰਗੀਤਾਤਮਕਤਾ ਨੂੰ ਦੇਖਿਆ ਜਾ ਸਕਦਾ ਹੈ।

(ੳ) **ਕਾਵਿ ਦਾ ਰੂਪ**:-

"ਤਿਤਲੀ
ਉਡਦੀ ਆਈ
ਆ ਕੇ ਪੱਥਰ ਤੇ
ਬੈਠ ਗਈ
ਪੱਥਰ ਉਸੇ ਪਲ
ਖਿੜ ਉੱਠਿਆ
ਤੇ ਫੁੱਲ ਬਣ ਗਿਆ"[14]

(ਅ) **ਸੰਗੀਤਾਤਮਕਤਾ**:-ਇਸ ਰੂਪ ਵਿਚ ਕੌਂਕੇ ਨੇ ਸੰਗੀਤਾਤਮਕਤਾ, ਖਾਸ ਸ਼ਬਦਾਂ ਦੀ ਵਰਤੋਂ, ਪਛੇਤਰਾਂ, ਸਮਾਸਾਂ, ਕੋਮਲ ਵਰਨਾਂ ਦੀ ਵਰਤੋਂ ਆਦਿ ਰਾਹੀਂ ਸੁਹਜ ਨੂੰ ਪ੍ਰਸਤੁਤ ਕੀਤਾ ਗਿਆ ਹੈ।

- ਹੱਥ - ਈ - "ਆਪਣੇ ਹੱਥੀਂ ਬੁਟਿਆ ਨੂੰ" [15]
- ਉਛਲਣ - ਓਂ - "ਉੱਨ ਦਾ ਗੋਲਾ ਉਛਲਣੋਂ ਰੁਕ ਗਿਆ"[16]

| | | |
|---|---|---|
| – ਜੋਰ | – ਈਂ | – "ਜ਼ੋਰੀ ਨਹੀਂ ਬੰਨ੍ਹ ਕੇ ਰੱਖਦਾ ਮੈਂ" [17] |
| – ਨਗਰ | – ਈ | – "ਯਾਦ ਆਉਂਦੀ ਰਿਅਤਿਆਂ ਦੀ ਨਗਰੀ"[18] |
| – ਸਾਹਵਾਂ | – ਆਂ | – "ਮੈਂ ਜਿਨ੍ਹਾਂ ਦੇ ਸਾਹਵਾਂ 'ਚ ਵਸਦਾ ਸਾਂ"[19] |
| – ਥਾਂ | – ਏਂ | – "ਉਸ ਦੀ ਥਾਵੇਂ ਮੇਰੇ ਅੰਦਰੋਂ" [20] |
| – ਸੂਰਜ | – ਆਂ | – "ਜਿਸ ਨੂੰ ਆਪਣੇ ਸੂਰਜਾਂ ਤੇ ਬਹੁਤ ਮਾਣ ਸੀ"[21] |
| – ਛਿਣ | – ਆਂ | – "ਉਹਨਾ ਛਿਣਾਂ ਸਾਹਣੇ, ਨਤਮਸਤਕ ਹੋ ਲੈਣ ਦੇ"[22] |
| – ਬੇਘਰ | – ਇਆਂ | – "ਕਿ ਧੁਨੀਆ ਦੇ ਸ਼ਭ ਬੇਘਰਿਆਂ ਲਈ"[23] |
| – ਡਰ | – ਓਂ | – "ਕੋਈ ਜਨੋਰ ਜਾਂ ਕੋਈ ਬੰਦਾ<br>ਵਿਚ ਡਿੱਗ ਪੈਣ ਦੇ ਡਰੋਂ"[24] |
| – ਖੂਹ | – ਈ | – "ਖੂਹੀ ਉਤੋਂ ਬੰਦ ਕਰ ਦਿੱਤੀ ਗਈ ਹੈ"[25] |
| – ਰੱਜ | – ਆਂ | – "ਅੱਜ ਮਿਲਿਆ ਹੈ<br>ਖਾਣ ਨੂੰ ਰੱਜਣਾਂ" [26] |

**(ੲ) ਕੋਮਲ ਵਰਨ:**- ਕਾਵਿ ਵਿਚ ਸੰਗੀਤਾਤਮਕਤਾ ਲਈ ਸਹਾਇਕ ਸਿਧ ਹੋਏ ਹਨ।

**ਵਰਨ:** ਯ, ਰ, ਲ, ਵ, ਮ, ਨ ਕੋਮਲ ਵਰਨ ਹਨ।

ਤ, ਚ ਵੀ ਕੋਮਲ ਵਰਨ ਹਨ ਪਰ ਘੱਟ ਕੋਮਲ ਹਨ।

**ਣ** : ਕੋਮਲ ਵਰਨ ਨਹੀਂ ਹੈ ਪਰ ਜੇ ਕਿਸੇ ਕਾਵਿ ਸਤਰ ਵਿਚ ਬਾਕੀ ਵਰਨ ਕੋਮਲ ਹੋਣ ਤਾਂ ਇਸ ਨੂੰ ਕੋਮਲ ਵਰਨਾਂ ਵਿਚ ਗਿਣਿਆ ਜਾਂਦਾ ਹੈ।ਅਮਰਜੀਤ ਕੌਂਕੇ ਵਿਚ ਪ੍ਰਸਤੁਤ ਕੋਮਲ ਵਰਨ ਇਸ ਪ੍ਰਕਾਰ ਹਨ।

| ਉਦਾਹਰਨਾਂ : | ਕੋਮਲ ਵਰਨ |
|---|---|
| "ਮੈਂ ਤਲਾਸ਼ਦਾ ਉਸਨੂੰ | ਮ ਤ ਲ ਨ |
| ਹਰ ਨਾਰੀ ਦੇ ਮਨ ਵਿਚ | ਰ ਰ ਮ ਨ ਵ ਚ |
| ਕਿਸੇ ਨੁੱਕਰ ਵਿਚ | ਨ ਰ ਚ ਵ ਚ |
| ਹਰ ਔਰਤ ਦੇ ਕਿਸੇ ਕੋਨੇ 'ਚ"[27] | ਰ ਰ ਤ ਨ ਚ |
| "ਜੇ ਹਨੇਰੇ 'ਚੋਂ ਰਾਹ ਤਲਾਸ਼ ਕੇ | ਨ ਰ ਚ ਰ ਤ ਲ |
| ਚਾਨਣ 'ਚ ਆ ਗਿਆ"[28] | ਚ ਨ ਣ ਚ |

| | |
|---|---|
| "ਏਨਾ ਹੈ ਮੇਰੇ ਅੰਦਰ ਪਿਆਰ | ਨ ਮ ਰ ਰ ਰ |
| ਜਿੰਨਾ ਸਾਗਰ 'ਚ ਪਾਣੀ"[29] | ਨ ਰ ਚ ਣ |
| | |
| "ਮੈਂ ਘਰੋਂ ਤੁਰਿਆ ਤਾਂ ਘਰ ਦਾ ਹਨ੍ਹੇਰਾ | ਮ ਰ ਤ ਰ ਤ ਰ ਨ ਰ |
| ਮੇਰੇ ਨਾਲ ਤੁਰ ਰਿਹਾ ਸੀ | ਰ ਨ ਲ ਨ ਲ ਤ ਰ ਰ |
| ਮੇਰੇ ਪੈਰਾਂ ਵਿਚ ਪਿੱਛੇ ਰਹਿ ਰਹੇ ਘਰ ਦੀਆਂ"[30] | ਰ ਰ ਵ ਚ ਰ ਰ ਰ |
| | |
| "ਮੇਰਾ ਕੁਝ ਵੀ ਮੇਰਾ ਨਹੀ | ਮ ਰ ਵ ਮ ਰ ਨ |
| ਮੋਹ-ਮੁਹਬੱਤ, ਮਮਤਾਂ, ਫਰਜਾਂ, ਰਿਸ਼ਤਿਆ | ਮ ਮ ਤ ਮ ਮ ਰ ਰ ਤ |
| ਦਾ ਕਰਜ ਲਾਹੁਣ ਲਈ | ਰ ਲ ਣ ਲ |
| ਮੈਂ ਲਗਾਤਾਰ ਦੌੜ ਰਿਹਾ ਹਾਂ | ਮ ਲ ਤ ਰ ਰ |
| ਅੰਤਹੀਣ ਦੋੜ"[31] | ਹ ਣ |

**(ਸ) ਸੰਗੀਤਾਤਮਕਤਾ ਲਈ ਖ਼ਾਸ ਸ਼ਬਦਾਂ ਦੀ ਵਰਤੋਂ**

ਅਮਰਜੀਤ ਕੌਂਕੇ ਨੇ ਆਪਣੇ ਕਾਵਿ ਵਿਚ ਸੰਗੀਤਾਤਮਕਤਾ ਪੈਦਾ ਕਰਨ ਲਈ ਆਮ ਸ਼ਬਦਾਂ ਨੂੰ ਖ਼ਾਸ ਬਣਾ ਕੇ ਲਿਖਿਆ ਹੈ। ਜਿਵੇਂ:-

| ਆਮ ਵਰਤੋਂ | ਖ਼ਾਸ ਵਰਤੋਂ | ਉਦਾਹਰਨਾਂ |
|---|---|---|
| - ਤੱਕ | - ਤੀਕ | - "ਤੀਕ ਕੋਹਾਂ ਨ੍ਹੇਰਾ ਹੈ"[32] |
| - ਵੇਖਦੇ | - ਵੇਂਹਦੇ | - "ਤੜਪ ਉਠਿਆ ਪਰ ਵੈਹਦੇ ਸਾਰ"[33] |
| - ਅੰਦਰ ਤੋਂ | - ਅੰਦਰੋਂ | - "ਉਸ ਦੇ ਅੰਦਰੋਂ ਡੁੱਲ੍ਹ ਰਹੀ ਸੀ<br>ਭਰ-ਭਰ ਮਮਤਾ"[34] |
| - ਉਛਲਣ ਤੋਂ | - ਉਛਲਣੋਂ | - "ਉੱਨ ਦਾ ਗੋਲਾ ਉਛਲਣੋਂ ਰੁਕ ਗਿਆ"[35] |
| - ਰਾਹਾਂ | - ਰਾਹਵਾਂ | - "ਪਾਰ ਕਰ ਕੇ ਰਾਹਵਾਂ ਦੀਆਂ<br>ਵਰਜਿਤ ਰੇਖਾਵਾਂ"[36] |
| - ਯਾਦ ਕਰਨਾ | - ਚਿਤਵਦਾ | - "ਕੰਧਾਂ ਦੇ ਖੁਰਦੇ ਰੰਗ ਚਿਤਵਦਾ"[37] |
| - ਨੱਕ | - ਨਾਸ੍ਹਾਂ | - "ਨਾਸ੍ਹਾਂ 'ਚੋਂ ਧੂੰਆ ਛੱਡਦਾ" [38] |
| - ਮੇਰੇ ਤੋਂ | - ਮੈਥੋਂ | - "ਮੈਥੋਂ ਸ਼ਬਦਾਂ 'ਚੋਂ |

ਸਿਰਜੇ ਜਾਂਦੇ ਨੇ ਸ਼ਬਦ"[39]

| | | |
|---|---|---|
| - ਸਾਹਮਣੇ | - ਸਾਹਵੇ | - "ਉਸਦੇ ਸਾਹਵੇ<br>ਪਾਣੀ ਦਾ ਇਕ ਛੋਟਾ ਜਿਹਾ<br>ਕਤਰਾ ਬਣ ਜਾਂਦਾ"[40] |
| - ਹਨੇਰਾ | - ਨ੍ਹੇਰਾ | - "ਨ੍ਹੇਰਾ ਹੋਣ ਤੋਂ ਪਹਿਲਾਂ"[41] |

**(ਹ) ਸਮਾਸ**

ਸੰਗੀਤਾਤਮਕਤਾ ਤੋਂ ਬਿਨਾਂ ਸਮਾਸ ਵੀ ਭੌਤਿਕ ਸੁਹਜ ਵਿਚ ਵਾਧਾ ਕਰਦੇ ਹਨ। ਜਿਵੇ:-

ਆਸ-ਪਾਸ, ਨੇੜੇ-ਤੇੜੇ, ਅੰਦਰ ਬਾਹਰ, ਜੀਵਨ ਸਚ, ਤਿਥ-ਨੁਕੀਲੇ, ਬੰਜਰ- ਜਮੀਨਾਂ, ਮੁਰਦਾ ਜਿਸਮ, ਲੋਕ ਰਾਜ, ਨਵਾਂ-ਨੋਕਰ ਜੰਗਲ ਰਾਜ, ਸੈਤਾਨੀ ਕੁਦਾਲਾਂ, ਕਮੀਨਾਂ ਹਾਸਾ, ਅਜਬ ਸੰਸਾਰ , ਕਮੀਨੀਆਂ ਚਾਲਾਂ, ਖੋਲਦੇ ਪਾਣੀਆਂ, ਰੂਹ ਚਾਨਣ, ਨਾਮੋ-ਨਿਸ਼ਾਂ, ਨੈਣ ਨਕਸਾਂ, ਬੱਚਿਆ ਖੁੱਚਿਆ, ਬਲੈਕ ਲਿਸ਼ਟ, ਦਨਦਨਾਉਂਦੀਆਂ ਭੀੜਾ।

ਉਪਰੋਕਤ ਸਮਾਸ ਅਮਰਜੀਤ ਕੌਂਕੇ ਕਾਵਿ ਵਿਚ ਵਰਤੇ ਗਏ ਹਨ। ਭਾਸ਼ਾਈ ਪੱਖ ਤੋਂ ਨਵੇਂ ਸਮਾਸ ਹਨ ਜਿਨ੍ਹਾਂ ਦੀ ਵਰਤੋਂ ਕੌਂਕੇ ਨੇ ਆਪਣੀ ਕਾਵਿ ਵਿਚ ਕੀਤੀ ਹੈ।

ਇਸ ਪ੍ਰਕਾਰ ਭੌਤਿਕ ਸੁਹਜ ਦੇ ਅੰਤਰਗਤ ਸੰਗੀਤਾਤਮਕਤਾ, ਪਛੇਤਰ, ਸਮਾਸ, ਕੌਮਲ ਵਰਨ ਆਦਿ ਕਾਵਿ ਭਾਸ਼ਾ ਦੇ ਸੰਚਾਰ ਨੂੰ ਬਹੁਅਰਥਕਤਾ ਪ੍ਰਦਾਨ ਕਰਦੀ ਹੈ।

## ਰੂਪਗਤ ਕਾਵਿ ਸੁਹਜ

ਰੂਪਗਤ ਸੁਹਜ ਵਿਚ ਅੰਲਕਾਰ, ਰਸ, ਰੀਤਿ, ਉਪਮਾ, ਰੂਪਕ ਆਦਿ ਰੂਪਾਂ ਦਾ ਅਧਿਐਨ ਕੀਤਾ ਜਾਂਦਾ ਹੈ। ਪਰ ਰੀਤਿ, ਉਪਮਾ, ਰੂਪਕ, ਅੰਲਕਾਰ ਆਦਿ ਦਾ ਵਰਣਨ ਅਸੀ ਇਸ ਖੋਜ ਕਾਰਜ ਵਿਚ ਪਹਿਲਾਂ ਕਰ ਚੁੱਕੇ ਹਾਂ ਇਸ ਲਈ ਇਥੇ ਸਿਰਫ਼ ਰਸਾਂ ਦਾ ਹੀ ਵਿਸਥਾਰ ਪੂਰਵਕ ਅਧਿਐਨ ਕਰਾਂਗੇ।

**ਸ਼ਿੰਗਾਰ ਰਸ**:- ਸ਼ਿੰਗਾਰ ਰਸ ਦਾ ਅਰਥ ਰਤੀ ਜਾਂ ਪਿਆਰ ਹੈ। ਜਿਸਦਾ ਸੁਹਜਾਤਮਕ ਤਰੀਕੇ ਨਾਲ ਅਨੁਭਵ ਕੀਤਾ ਜਾਂਦਾ ਹੈ। ਇਸ ਦਾ ਭਾਵ ਸਥਾਈ ਹੈ। ਜਿਵੇਂ:-

" ਪਤਾ ਹੀ ਨਹੀਂ ਲੱਗਿਆ
ਕਦੋਂ ਮਿਲੇ ਅਸੀਂ
ਕਦੋਂ ਇਕ ਦੂਜੇ ਅੱਖਾਂ 'ਚ ਤਕਿਆ
ਤੇ ਉਲਝ ਗਏ

ਇਕ ਦੂਜੇ ਦੇ ਦਿਲ 'ਚ ਉਤਰੇ"[42]

ਉਪਰੋਕਤ ਕੌਂਕੇ ਕਾਵਿ ਦੀਆਂ ਸਤਰਾਂ ਵਿਚ ਸੰਯੋਗ ਸਿੰਗਾਰ ਰਸ ਅਤੇ ਵਿਯੋਗ ਸਿੰਗਾਰ ਰਸ ਦੀ ਝਲਕ ਸਪਸ਼ਟ ਪ੍ਰਸਤੁਤ ਹੁੰਦੀ ਹੈ। ਜੋ ਕਾਵਿ ਵਿਚ ਸੁੰਦਰਤਾ ਪ੍ਰਦਾਨ ਕਰਦੀ ਹੈ।

**ਹਾਸ ਰਸ**

ਹਾਰ ਰਸ ਦੀ ਉਤਪਤੀ ਸਿੰਗਾਰ ਰਸ ਤੋਂ ਮੰਨੀ ਜਾਂਦੀ ਹੈ, "ਹਾਸ ਰਸ ਅਨੋਖੇ ਮਨੋਭਾਵ ਦੀ ਸਿਰਜਨਾ ਕਰਦਾ ਹੈ। ਇਕ ਮਾਨਸਿਕ ਕਿਰਿਆ ਹੈ। ਆਮ ਹਾਸਾ ਮੋਟਾ-ਫੁੱਲਾ ਹੁੰਦਾ ਹੈ। ਇਹ ਭੌਤਿਕ ਹਾਸਾ ਹੈ, ਪਰ 'ਹਾਸਯ ਰਸ' ਦਾ ਹਾਸਾ ਮੰਜਿਆ ਸਵੰਰਿਆ, ਸੁਹਿਦਕਤਾ ਵਾਲਾ ਹੁੰਦਾ ਹੈ। ਇਸ ਵਿਚ ਸਰੀਰਕ ਕਿਰਿਆ ਜਰੂਰੀ ਹੈ"।[43] ਆਮ ਹਾਸੇ ਦੇ ਮੁਕਾਬਲੇ ਵਿਚ ਸਾਹਿਤਿਕ ਹਾਸੇ ਦਾ ਵਧੇਰੇ ਮਹੱਤਵ ਹੈ। ਕਲਾ ਦਾ ਮਨੋਰਥ ਆਨੰਦ ਦੀ ਸਿਰਜਨਾ ਕਰਨਾ ਹੈ।ਕਵੀ ਜਿਥੇ ਬੇਢੰਗੇ ਪਹਿਰਾਵੇ, ਬੋਲ, ਵੇਖਣ ਸੁਣਨ ਆਦਿ ਦੁਆਰਾ ਆਨੰਦ ਤੇ ਹਾਸਾ ਪ੍ਰਗਟ ਕਰੇ ਉਹ ਹਾਸ ਰਸ ਹੁੰਦਾ ਹੈ।

**ਭਿਆਨਕ ਰਸ**:- :ਕਿਸੇ ਭਿਅੰਕਰ ਸੈਅ ਨੂੰ ਵੇਖਣ, ਸੁਨਣ ਕਰਕੇ ਮਨ ਵਿਚ ਵਰਤਮਾਨ ਭਯ (ਭੈਅ) ਜਦੋਂ ਪ੍ਰਬਲ ਰੂਪ ਧਾਰਨ ਕਰਕੇ ਪੁਸ਼ਟ ਹੁੰਦਾ ਹੈ ਉਦੋਂ ਭਿਆਨਕ ਰਸ ਦੀ ਅਭਿਵਿਅਕਤੀ ਹੁੰਦੀ ਹੈ।"[44] ਭੈਅ, ਡਰ ਇਸ ਰਸ ਦਾ ਸਥਾਈ ਭਾਵ ਹੈ, ਭੈਅ ਮਨ ਵਿਚ ਵਿਆਕੁਲਤਾ ਪੈਦਾ ਕਰਦਾ ਹੈ। ਅਮਰਜੀਤ ਕੌਂਕੇ ਕਾਵਿ ਵਿਚ ਭਿਆਨਕ ਰਸ ਨੂੰ ਸਪਸ਼ੱਟ ਰੂਪ ਵਿਚ ਦੇਖਿਆ ਜਾ ਸਕਦਾ ਹੈ।ਜਿਵੇਂ:-

"ਅੱਗੇ ਸੰਘਣਾ ਜੰਗਲ ਹੈ
ਹਨੇਰਾ ਹੈ
ਡਰਾਉਣੀਆਂ ਆਵਾਜਾਂ ਦਾ ਸ਼ੋਰ ਹੈ
ਕਾਲੀਆਂ ਪੌਣਾ ਦੀ ਸਾਂ ਸਾਂ ਹੈ
ਬਿਰਖਾਂ ਤੇ ਸੱਪ ਫੁੰਕਾਰਦੇ
ਪੈਰਾਂ ਵਿਚ
ਤਿੜਕਦੀਆਂ ਕੰਧਾਂ ਦੀਆਂ
ਕਿਰਚਾ ਚੁਭਦੀਆਂ"[45]

**ਕਰੁਣਾ ਰਸ**:- ਜਿਥੇ ਮਨਚਾਹੀ ਵਸਤੂ ਦੀ ਹਾਨੀ ਹੋਵੇ ਅਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਤੋਂ ਸ਼ੋਕ ਭਾਵ ਦੀ ਪੈਦਾ ਹੋਵੇ ਉਹ ਕਰੁਣਾ ਰਸ ਹੁੰਦਾ ਹੈ। ਇਸ ਦਾ ਸਥਾਈ ਭਾਵ ਸ਼ੋਕ ਹੁੰਦਾ ਹੈ।

"ਕਿਵੇਂ ਉਹ ਉਸ ਘਰ ਨੂੰ

ਇਕ ਸਾਮ ਵਿਸਾਰ ਕੇ ਤੁਰ ਗਈ

ਜਿਸ ਨੂੰ ਉਸ ਨੇ

ਤਿਣਕਾ ਤਿਣਕਾ ਕਰਕੇ ਜੋੜਿਆ

ਨਿੱਕੀ ਨਿੱਕੀ ਮਿਹਨਤ ਮਜ਼ਦੂਰੀ ਕਰਦਿਆਂ

ਘਰ ਦੀਆ ਛੋਟੀਆਂ ਛੋਟੀਆ

ਜਰੂਰਤਾ ਨੂੰ ਪੂਰਿਆ

ਨਿੱਕੇ-ਨਿੱਕੇ ਬੱਚਿਆ ਨੂੰ

ਉਡਾਰ ਕੀਤਾ

ਕਿਵੇਂ ਉਹ ਉਸ ਘਰ ਨੂੰ ਵਿਸਾਰ ਕੇ ਉਡ ਗਈ''[46]

**ਰੋਦ੍ਰ ਰਸ**:- ਜਿਥੇ ਵਿਰੋਧੀਆਂ ਦੀ ਛੇੜਖਾਨੀ, ਅਪਮਾਨ, ਵੱਡਿਆਂ ਦੀ ਨਿੰਦਾ, ਬੇਇਜਤੀ ਕਾਰਨ ਬਦਲੇ ਦੀ ਭਾਵਾ ਪੈਦਾ ਹੁੰਦੀ ਹੈ। ਉਹ ਰੋਦ੍ਰ ਰਸ ਹੈ। ਇਸ ਦਾ ਸਥਾਈ ਭਾਵ ਕ੍ਰੋਧ, ਗੁੱਸਾ ਹੈ।

**ਵੀਰ ਰਸ**:- ਜਿਥੇ ਯੁੱਧ, ਧਰਮ ਆਦਿ ਦੇ ਸੰਬੰਧ ਵਿਚ ਉਤਸਾਹ ਪੈਦਾ ਹੋਵੇ ਉਹ ਵੀਰ ਰਸ ਹੁੰਦਾ ਹੈ। ਇਸ ਦਾ ਸਥਾਈ ਭਾਵ ਉਤਸਾਹ, ਵੀਰਤਾ ਹੈ।

''ਮੈਂ ਆਪਣੇ ਰਾਹਾਂ 'ਚ ਅਟਕੇ

ਕਾਲੇ ਪਰਬਤਾਂ ਨਾਲ ਲੜਿਆ

ਮਾਰੂਥਲੀ ਰਾਹਾਂ ਨੂੰ ਲੰਘਿਆ

ਸਮੁੰਦਰਾਂ ਨੂੰ ਤਰਿਆ

ਹੱਥਾਂ 'ਚ ਸੂਰਜ ਨੂੰ ਫੜਿਆ

ਤਿਤਲੀਆਂ ਨੂੰ

ਸੁਪਨਿਆਂ 'ਚ ਜੜਿਆ

ਹੌਲੀ-ਹੌਲੀ ਮੈਂ ਆਪਣੇ ਹਾਣ ਦਾ

ਆਪਣਾ ਸੰਸਾਰ ਘੜਿਆ"[47]

**ਬੀਭਤਸ ਰਸ**:- ਜਿਥੇ ਘ੍ਰਿਣਤ ਵਸਤੂਆਂ ਦੇ ਦੇਖਣ ਜਾਂ ਸੁਣਨ ਨਾਲ ਘ੍ਰਿਣਾ ਉਤਪੰਨ ਹੁੰਦੀ ਹੈ ਤਾਂ ਉਥੇ ਬੀਭਤਸ ਰਸ ਹੁੰਦਾ ਹੈ। ਘ੍ਰਿਣਾ ਇਸ ਰਸ ਦਾ ਸਥਾਈ ਭਾਵ ਹੈ।

"ਤਾਂ ਮਹਿਫਲ ਵਿਚ ਤੇਰਾ ਜਿਕਰ

ਕਿਸੇ ਅਸ਼ਲੀਲ ਫ਼ਿਰਕੇ ਤੋਂ ਛਿੜਿਆ

ਤੇ ਮਹਿਫਲ 'ਚ ਬੈਠੇ

ਹਰ ਸ਼ਖਸ ਦੇ ਚਿਹਰੇ 'ਤੇ

ਇਕ ਅਸ਼ਲੀਲ ਜਿਹਾ ਹਾਸਾ ਖਿੜਿਆ

ਇਸ ਮਿਲਣੀ ' 'ਤੇ

ਮੈਂ ਲੋਕਾਂ ਨੂੰ ਤੇਰੇ ਅੰਗਾਂ ਦੀ

ਪ੍ਰਸ਼ੰਸਾਤਮਕ ਆਲੋਚਨਾ ਕਰਦੇ ਤਕਿਆ"[48]

**ਅਦਭੁਤ ਰਸ**:- ਅਦਭੁਤ , ਅਨੋਖੀ, ਵਿਚਿਤ੍ਰ ਵਸਤੂ ਦੇਖਣ, ਸੁਣਨ ਤੇ ਜਦੋਂ ਅਸਚਰਜ ਹੁੰਦਾ ਹੈ। ਅਚੰਭਾ ਹੁੰਦਾ ਹੈ। ਉਹ ਅਦਭੁਤ ਰਸ ਹੁੰਦਾ ਹੈ। ਅਦਭੁਤ ਰਸ ਦਾ ਸਥਾਈ ਭਾਵ "ਅਸਚਰਜ" ਹੁੰਦਾ ਹੈ।

"ਸਿਤਾਰਿਆ ਨੂੰ ਜੁਗਨੂੰਆ ਵਾਂਗ ਫੜਕੇ
ਬੰਨ ਦਿਆ ਤੇਰੀ ਚੁੰਨਿ ਦੇ ਨਾਲ
ਮਾਰੂਥਲਾਂ ਨੂੰ ਕਰਕੇ ਸਮੁੰਦਰ
ਤੇ ਸਮੁੰਦਰ ਨੂੰ ਕਰਕੇ ਰੇਤ
ਉਂਗਲੀ ਦੇ ਨਾਲ ਘੁੰਮਾਵਾ"[49]

**ਸ਼ਾਂਤ ਰਸ**:- "ਸੰਸਾਰਿਕ ਅਸਥਿਰਤਾ ਦੇ ਕਾਰਣ ਜਾਂ ਤੱਤ ਗਿਆਨ ਦੇ ਕਾਰਣ ਮਨ ਵਿਚ ਜਦੋਂ ਵੈਰਾਗ ਹੁੰਦਾ ਹੈ ਤਾਂ ਉਥੇ ਸ਼ਾਂਤ ਰਸ ਦੀ ਸਥਿਤੀ ਮੰਨੀ ਗਈ ਹੈ"[50] ਇਸ ਦਾ ਸਥਾਈ ਭਾਵ 'ਨਿਰਵੇਦ' ਹੈ।

## ਵਿਸ਼ਾਗਤ ਕਾਵਿ ਸੰਵੇਦਨਾ

ਅਮਰਜੀਤ ਕੌਂਕੇ ਦੇ ਕਾਵਿ ਦੇ ਵਿਸ਼ੇ ਅਤੇ ਵਿਚਾਰਾਂ ਨੂੰ ਮਾਨਵੀ ਸੁਹਜ, ਭਾਵ ਚਿਤਰ ਸੁਹਜ, ਪ੍ਰਾਕ੍ਰਿਤੀ ਸੁਹਜ ਅਤੇ ਵਿਚਾਰਾਂ ਦੀ ਬੋਧਿਕਤਾ ਆਦਿ ਰਾਹੀਂ ਪ੍ਰਗਟਾਇਆ ਗਿਆ ਹੈ।

ਮਾਨਵੀ ਸੁਹਜ ਦੇ ਅੰਤਰਗਤ ਅਮਰਜੀਤ ਕੌਂਕੇ ਨੇ ਨਾਰੀ ਦੀ ਸੁੰਦਰਤਾ ਦਾ ਜਿਕਰ ਕੀਤਾ ਹੈ।

"ਅਸਲ ਵਿਚ
ਜਿੰਨੀ ਉਸ ਦੀ ਉਮਰ ਸੀ
ਉਸਦੇ ਹੋਂਠ ਦੀ ਉੱਮਰ
ਉਸ ਤੋਂ ਕਿਤੇ ਨਿੱਕੀ ਸੀ
ਉਸ ਦੇ ਪ੍ਰੋੜ ਵਿਹਰੇ'ਤੇ
ਉਸ ਦਾ ਅਣਛੂਹਿਆ ਹੋਂਠ
ਜਿਵੇਂ ਸੈਨਤਾਂ ਮਾਰ ਕੇ ਬੁਲਾਉਂਦਾ ਸੀ"[51]

– "ਮਨ ਦੀ ਧਰਤੀ
ਇੱਕ ਵਾਰ ਫੇਰ ਕੰਬ ਉੱਠੀ
ਤਨ ਦਾ ਜੰਗਲ
ਇੱਕ ਵਾਰ ਫੇਰ ਜਾਗ ਪਿਆ
ਉਸਨੇ ਛੋਹਿਆ ਮੈਨੂੰ"[52]

ਮਾਨਵੀ ਸੁਹਜ ਦੇ ਅੰਤਰਗਤ ਅਮਰਜੀਤ ਕੌਂਕੇ ਕਾਵਿ ਵਿਚ ਨਾਰੀ ਦੀ ਸਰੀਰਕ ਸੁੰਦਰਤਾ ਦੀਆਂ ਕਈ ਉਦਾਹਰਨਾਂ ਮਿਲਦੀਆਂ ਹਨ। ਜਿਵੇਂ ਉਪਰੋਕਤ ਕਾਵਿ ਸਤਰਾਂ ਵਿਚ ਔਰਤ ਦੇ ਸੁੰਦਰ ਹੋਠਾਂ ਦੀ ਤਾਰੀਫ ਕੀਤੀ ਗਈ ਹੈ। ਔਰਤ ਦੇ ਸਰੀਰਕ ਛੋਹ ਨਾਲ ਮਨ ਦੀ ਧਰਤੀ ਦਾ ਕੰਬਣਾ, ਤਨ ਦੇ ਜੰਗਲ ਦਾ ਜਾਗ ਜਾਣਾ, ਮਾਨਵੀ ਸੁਹਜ ਦੀਆਂ ਬਹੁਤ ਸੁੰਦਰ ਉਦਾਹਰਨਾਂ ਹਨ। ਕੌਂਕੇ ਕਾਵਿ ਵਿਚ ਕੁਦਰਤੀ ਸੁਹਜ ਦੀ ਝਲਕ ਵੀ ਮਿਲਦੀ ਹੈ। ਜਿਵੇਂ:

"ਸਿਤਾਰਿਆਂ ਨੂੰ ਜੁਗਨੂੰਆਂ ਵਾਂਗ ਫੜਕੇ
ਬੰਨ ਦਿਆਂ ਤੇਰੀ ਚੁੰਨੀ ਦੇ ਨਾਲ
ਮਾਰੂਥਲਾਂ ਨੂੰ ਕਰਕੇ ਸਮੁੰਦਰ
ਤੇ ਸਮੁੰਦਰ ਨੂੰ ਕਰਕੇ ਰੇਤ

ਉਂਗਲੀ ਦੇ ਘੁੰਮਾਵਾ

ਇਹ ਤਾਰਿਆਂ ਦਾ ਨੀਲਾ ਥਾਲ"[53]

ਇਨ੍ਹਾਂ ਕਾਵਿ ਸਤਰਾਂ ਵਿਚ ਸਿਤਾਰਿਆਂ ਨੂੰ ਜੁਗਨੂੰਆਂ ਵਾਂਗ, ਮਾਰੂਥਲਾਂ, ਸਮੁੰਦਰ, ਰੇਤ, ਤਾਰਿਆਂ ਦਾ ਨੀਲਾ ਥਾਲ ਆਦਿ ਕੁਦਰਤੀ ਸੁਹਜ ਦਾ ਵਿਸਥਾਰ ਪੂਰਵਕ ਵੇਰਵਾ ਪੇਸ਼ ਕਰਦੀਆਂ ਹੋਈਆਂ ਕਾਵਿ ਸੰਚਾਰ ਨੂੰ ਅਨੰਦਮਈ ਅਤੇ ਸੁਹਜਮਈ ਬਣਾਉਂਦੀਆਂ ਹਨ।

"ਉਸਰ ਰਹੀ ਹੈ ਨਵੀਂ ਦੁਨੀਆਂ

ਨਵੇਂ ਲੋਕ ਨਵੇਂ-ਨਵੇਂ ਮੀਲਾਂ

ਲੰਬੇ ਪੁਲ ਉਸਰ ਰਹੇ ਨੇ

ਪੁਲ ਹੀ ਪੁਲ ਬਣ ਗਏ ਨੇ

ਵੱਡੇ-ਵੱਡੇ ਉੱਚੇ ਉੱਚੇ ਲੋਕਾਂ ਲਈ

ਤਾਂ ਕਿ ਧਰਤੀ ਦੀ ਭੀੜ

ਉਹਨਾਂ ਦੇ ਰਾਹ ਵਿਚ ਅੜਿਕਾ ਨਾ ਪਾਵੇ"[54]

ਕੌਂਕੇ ਦੀਆਂ ਇਨ੍ਹਾਂ ਕਾਵਿ ਸਤਰਾਂ ਵਿਚ ਪੁਲ ਤਰੱਕੀ ਦਾ ਪ੍ਰਤੀਕ ਹੈ ਜੋ ਅਮੀਰਾਂ ਲਈ ਉਸਾਰੇ ਗਏ ਹਨ। ਇਨ੍ਹਾਂ ਦੀ ਵੱਧ ਤੋਂ ਵੱਧ ਉਸਾਰੀ ਨੂੰ ਤਰਕੀ ਦਾ ਨਾਂ ਦਿੱਤਾ ਗਿਆ ਹੈ। ਇਹ ਤਰਕੀ ਗਰੀਬਾਂ ਲਈ ਨਹੀਂ ਹੈ ਸਗੋਂ ਅਮੀਰਾਂ ਲਈ ਹੈ। ਆਮ ਲੋਕਾਂ ਦੀ ਭੀੜ ਰੋਕਾਵਟ ਲਈ ਹੈ। ਆਮ ਲੋਕਾਂ ਦੀ ਭੀੜ ਰੁਕਾਵਟ ਬਣਦੀ ਹੈ। ਆਰਥਿਕਤਾ ਦੀ ਅਜਿਹੀ ਕਾਣੀ ਵੰਡ ਕਾਰਨ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਬਣ ਜਾਂਦਾ ਹੈ। ਕੌਂਕੇ ਨੇ ਆਪਣੇ ਕਾਵਿ ਵਿਚ ਆਰਥਿਕਤਾ ਦੀ ਕਾਣੀ ਵੰਡ ਨੂੰ ਬਹੁਤ ਖੂਬਸੂਰਤੀ ਨਾਲ ਦਰਸਾਇਆ ਹੈ।

"ਇਸ ਤੋ ਪਹਿਲਾਂ

ਕਿ ਯਾਦਾ ਲਹਿਲਿਹਾਉਂਦਾ

ਬਿਰਖ ਸੁੱਕ ਜਾਵੇ

ਉਮਰਾਂ ਦੇ ਮਾਨਸਰਾਂ 'ਚੋ

ਸਾਹਣਾ ਦਾ ਪਾਣੀ ਸੁੱਕ ਜਾਵੇ

------------------

ਮੇਰੇ ਰਹਿਬਰਾਂ ਨੂੰ ਕਹਿਣਾ

ਮੈਂ ਆਵਾਂਗਾ ਜਰੂਰ ਕਿਸੇ ਦਿਨ"[55]

ਅਮਰਜੀਤ ਕੌਂਕੇ ਦੇ ਕਾਵਿ ਦਾ ਮੁੱਖ ਪਹਿਲੂ ਉਸਾਰੂ ਸੋਚ ਪ੍ਰਤੀ ਚੇਤਨਾ ਨੂੰ ਉਭਾਰ ਕੇ ਸਾਹਮਣੇ ਲਿਆਉਣਾ ਹੈ। ਆਮ ਆਦਮੀ ਮਜਬੂਰੀਆਂ ਦੇ ਚੱਕਰਵਿਉ ਵਿਚ ਫਸ ਕੇ ਆਪਣੇ ਸੁਪਨੇ ਤੇ ਆਸਾਂ ਨੂੰ ਮਰਨ ਨਹੀਂ ਦਿੰਦਾ ਸਗੋਂ ਉਨ੍ਹਾਂ ਵਿਚ ਉਸਾਰੂ ਸੋਚ ਪ੍ਰਤੀ ਚੇਤਨਤਾ ਪੈਦਾ ਕਰਦਾ ਹੈ।

ਇਸ ਤਰ੍ਹਾਂ ਉਪਰੋਕਤ ਵਿਭਿੰਨ ਪ੍ਰਕਾਰ ਦੇ ਸੁਹਜ ਪ੍ਰਤੀਮਾਨਾਂ ਦੀਆਂ ਉਦਾਹਰਨਾਂ ਦੀ ਵਿਆਖਿਆ ਕਰਨ ਤੇ ਇਹ ਨਤੀਜਾ ਨਿਕਲਦਾ ਹੈ ਕਿ ਸੁਹਜ ਸੰਵੇਦਨਾ ਦੇ ਭਾਸ਼ਾਈ ਅਤੇ ਕਾਵਿ ਪਾਸਾਰਾਂ ਦੀ ਦਵੰਦਾਤਮਕਤਾ, ਸੁਹਜ ਦੇ ਵਿਭਿੰਨ ਪ੍ਰਤਿਮਾਨਾਂ ਦੀ ਅਮਰਜੀਤ ਕੌਂਕੇ ਕਾਵਿ ਦੇ ਤਹਿਤ ਕਾਵਿ ਸੰਚਾਰ ਦੀ ਨਿਵੇਕਲੀ ਹੋਂਦ ਸਥਾਪਿਤ ਹੁੰਦੀ ਹੈ। ਇਹ ਕਾਵਿ ਸੰਚਾਰ ਸੁਹਜ ਸੰਵੇਦਨਾ ਦੇ ਨਵੇਂ ਪਸਾਰਾਂ ਨੂੰ ਉਘਾੜਦਾ ਹੈ। ਅਮਰਜੀਤ ਕੌਂਕੇ ਕਾਵਿ ਸੰਚਾਰ ਦੇ ਨਵੇਂ ਸਰੋਕਾਰਾਂ ਅਤੇ ਪਾਸਾਰਾਂ ਨੂੰ ਉਭਾਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਯੋਗਰਾਜ, ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਸੁਹਜ-ਸ਼ਾਸਤਰ, ਪੰਨਾ-20.
2. ਨਾਗੇਦ੍ਰ, ਭਾਰਤੀ ਸੌਂਦਰਯ ਸ਼ਾਸਤਰ, ਭੂਮਿਕਾ, ਪੰਨਾ-2.
3. ਯੋਗਰਾਜ, ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਸੁਹਜ-ਸ਼ਾਸਤਰ, ਪੰਨਾ-21.
4. ਪ੍ਰੇਮ ਪ੍ਰਕਾਸ, ਭਾਰਤੀ ਕਾਵਿ ਸ਼ਾਸਤਰ, ਪੰਨਾ-125.
5. ਉਹੀ, ਪੰਨਾ-122.
6. ਉਹੀ
7. ਉਹੀ, ਪੰਨਾ-8.
8. ਉਹੀ, ਪੰਨਾ-9.
9. ਯੋਗਰਾਜ, ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਸੁਹਜ-ਸ਼ਾਸਤਰ, ਪੰਨਾ-20.
10. ਬਲਜੀਤ ਕੌਰ, ਆਧੁਨਿਕ ਪੰਜਾਬੀ ਕਾਵਿ ਦ੍ਰਿਸ਼ਟੀ, ਪੰਨਾ-13.
11. ਉਹੀ
12. ਸੋਨੀਆ, ਆਧੁਨਿਕ ਪੰਜਾਬੀ ਕਵਿਤਾ, ਪੰਨਾ-62.
13. ਨਾਗੇਦ੍ਰ, ਭਾਰਤੀ ਸੌਂਦਰਯ ਸ਼ਾਸਤਰ, ਭੂਮਿਕਾ, ਪੰਨਾ-234.

14. ਅਮਰਜੀਤ ਕੌਂਕੇ, ਪਿਆਸ, ਪੰਨਾ-37.
15. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-59.
16. ਉਹੀ, ਪੰਨਾ-16.
17. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-22.
18. ਉਹੀ, ਪੰਨਾ-27.
19. ਉਹੀ
20. ਉਹੀ, ਪੰਨਾ-51.
21. ਉਹੀ, ਪੰਨਾ-60.
22. ਉਹੀ, ਪੰਨਾ-75.
23. ਉਹੀ,
24. ਉਹੀ, ਪੰਨਾ-125.
25. ਉਹੀ
26. ਅਮਰਜੀਤ ਕੌਂਕੇ, ਪਿਆਸ, ਪੰਨਾ-65.
27. ਉਹੀ, ਪੰਨਾ-25.
28. ਉਹੀ, ਪੰਨਾ-55.
29. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-24.
30. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-24.
31. ਉਹੀ, ਪੰਨਾ-50.
32. ਅਮਰਜੀਤ ਕੌਂਕੇ, ਪਿਆਸ, ਪੰਨਾ-17.
33. ਉਹੀ, ਪੰਨਾ-55.
34. ਉਹੀ, ਪੰਨਾ-23.
35. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-16.
36. ਅਮਰਜੀਤ ਕੌਂਕੇ, ਪਿਆਸ, ਪੰਨਾ-48.
37. ਉਹੀ, ਪੰਨਾ-59.
38. ਉਹੀ, ਪੰਨਾ-70.
39. ਉਹੀ, ਪੰਨਾ-88.
40. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ-60.
41. ਅਮਰਜੀਤ ਕੌਂਕੇ, ਪਿਆਸ, ਪੰਨਾ-73.

42. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-25.

43. ਪ੍ਰੇਮ ਪ੍ਰਕਾਸ, ਭਾਰਤੀ ਕਾਵਿ ਸ਼ਾਸਤਰ, ਪੰਨਾ-90.

44. ਉਹੀ, ਪੰਨਾ-101.

45. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-15.

46. ਅਮਰਜੀਤ ਕੌਂਕੇ, ਪਿਆਸ, ਪੰਨਾ-67.

47. ਉਹੀ

48. ਅਮਰਜੀਤ ਕੌਂਕੇ, ਪਿਆਸ, ਪੰਨਾ-76.

49. ਅਮਰਜੀਤ ਕੌਂਕੇ, ਸ਼ਬਦ ਰਹਿਣਗੇ ਕੋਲ, ਪੰਨਾ-26.

50. ਪ੍ਰੇਮ ਪ੍ਰਕਾਸ, ਭਾਰਤੀ ਕਾਵਿ ਸ਼ਾਸਤਰ, ਪੰਨਾ-106.

## ਸਥਾਪਨਾਵਾਂ ਅਤੇ ਸਿੱਟੇ

ਆਧੁਨਿਕ ਯੁੱਗ ਦੇ ਕਵੀਆਂ ਵਿਚੋ ਅਮਰਜੀਤ ਕੌਂਕੇ ਆਪਣੀ ਵਿਲੱਖਣ ਪਛਾਣ ਰੱਖਦਾ ਹੈ। ਅਮਰਜੀਤ ਕੌਂਕੇ ਇਕ ਅਹਿਜੀ ਸ਼ਖਸੀਅਤ ਹੈ ਜੋ ਆਪਣੇ ਭਾਵਾਂ, ਵਿਚਾਰਾ, ਅਨੁਭਵਾਂ ਨੂੰ ਕਵਿਤਾ ਰਾਹੀਂ ਪਾਠਕਾ ਸਾਹਮਣੇ ਪੇਸ਼ ਕਰਦੀ ਹੈ। ਅਮਰਜੀਤ ਕੌਂਕੇ ਦੇ ਲਗਭਗ ਸੱਤ ਕਾਵਿ ਸੰਗ੍ਰਹਿ ਹਨ, ਜਿਵੇਂ 'ਦਾਇਰਿਆਂ ਦੀ ਕਬਰ 'ਚ' (1985), 'ਨਿਰਵਾਣ ਦੀ ਤਲਾਸ਼ 'ਚ' (1987), 'ਦਵੰਦ ਕਥਾ' (1990), 'ਯਕੀਨ' (1993), 'ਸ਼ਬਦ ਰਹਿਚਗੇ ਕੋਲ' (1996), 'ਸਿਮਰਤੀਆਂ ਦੀ ਲਾਲਟੈਣ' (2002), ਅਤੇ 'ਪਿਆਸ' (2013) ਪ੍ਰਕਾਸ਼ਿਤ ਹੋਏ ਹਨ। ਅਮਰਜੀਤ ਕੌਂਕੇ ਦੀ ਕਵਿਤਾ ਨਾਰੀ ਸੰਵੇਦਨਾਂ, ਔਰਤ ਨਾਲ ਜੁੜੇ ਰਿਸ਼ਤੇ ਨਾਤੇ, ਪਿਆਰ, ਤਿੜਕਣਾ, ਮਾਨਸਿਕ ਪ੍ਰੇਸ਼ਾਨੀਆਂ ਆਦਿ ਦੇ ਆਲੇ-ਦੁਆਲੇ ਘੁੰਮਦੀ ਹੈ। ਕੌਂਕੇ ਦੀ ਖਾਸ਼ਿਅਤ ਹੈ ਕਿ ਉਹ ਆਪਣੀ ਜਿੰਦਗੀ ਦੇ ਬਦਲ ਰਹੇ ਸਰੋਕਾਰਾਂ ਅਹਿਸਾਸਾਂ ਦੇ ਨਾਲ- ਨਾਲ ਸਮਾਜਿਕ ਸੰਬੰਧਾਂ, ਵਿਰੋਧਾਂ, ਵਿਚਾਰਾਂ , ਵਾਦ ਵਿਵਾਦ ਨੂੰ ਵਿਅੰਗ ਰਾਹੀਂ ਸਗੋਂ ਸਹਿਜਤਾ ਨਾਲ ਆਪਣੀ ਕਾਵਿ ਭਾਸ਼ਾ ਰਾਹੀਂ ਪੇਸ਼ ਕਰਦਾ ਹੈ।

ਹਰੇਕ ਸਾਹਿਤ ਕਾਰ ਆਪਣੇ ਵਿਚਾਰਾਂ, ਭਾਵਾਂ ਨੂੰ ਭਾਸ਼ਾ ਰਾਹੀਂ ਪ੍ਰਗਟ ਕਰਦਾ ਹੈ। ਭਾਸ਼ਾ ਹੀ ਮਨੁੱਖ ਨੂੰ ਦੂਜੇ ਜੀਵਾਂ ਤੋਂ ਭਿੰਨ ਕਰਦੀ ਹੈ। ਹਰ ਲੇਖਕ ਦੀ ਆਪਣੀ ਭਾਸ਼ਾ ਸ਼ੈਲੀ ਹੁੰਦੀ ਹੈ ਜਿਸ ਦੁਆਰਾ ਉਹ ਆਪਣੇ ਅਨੁਭਵਾਂ ਨੂੰ ਪਾਠਕਾਂ ਤੱਕ ਪਹੁੰਚਾਉਂਦਾ ਹੈ ਕਾਵਿ ਭਾਸ਼ਾ ਇਕ ਅਜਿਹਾ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਰਾਹੀਂ ਸਾਰਾ ਕਾਵਿ ਸੰਸਾਰ ਹੀ ਸਾਹਿਤਕ

ਪ੍ਰਭਾਵ ਕਾਇਮ ਕਰਦਾ ਹੈ। ਭਾਸ਼ਾ ਕਿਸੇ ਵੀ ਕਾਵਿ ਸਿਰਜਣਾ ਦਾ ਮੁੱਢਲਾ ਬਿੰਦੂ ਹੈ। ਅਮਰਜੀਤ ਕੌਂਕੇ ਦੀ ਕਾਵਿ ਸਿਰਜਣਾ ਵਿਚ ਭਾਸ਼ਾ ਦਾ ਕਲਾਤਮਕ ਪ੍ਰਯੋਗ ਦਿਖਾਈ ਦਿੰਦਾ ਹੈ ਅਤੇ ਨਾਲ ਹੀ ਨਵੀਆਂ ਕਾਵਿ-ਪੈੜਾਂ ਪਾਉਣ ਦੇ ਸਮਰੱਥ ਵੀ ਹੈ। ਸਮਾਜ, ਭਾਸ਼ਾ ਅਤੇ ਕਾਵਿ ਸਿਰਜਣ ਦੀ ਪ੍ਰਕਿਰਤੀ ਆਪਸ ਵਿਚ ਅੰਤਰ ਸੰਬੰਧਿਤ ਹੁੰਦੀ ਹੈ।ਭਾਸ਼ਾ ਦੀ ਸੰਰਚਨਾ ਨਾਲ ਹੀ ਸਭਿਆਚਾਰ ਦਾ ਵਜੂਦ ਹੈ। ਇਸ ਪ੍ਰਕਾਰ ਕਾਵਿ ਭਾਸ਼ਾ ਦੀਆਂ ਜੜ੍ਹਾਂ ਹੋਰ ਮਜ਼ਬੂਤ ਕਰਨ ਲਈ ਅਮਰਜੀਤ ਕੌਂਕੇ ਕਾਵਿ ਦੇ ਤਹਿਤ ਸਿਰਜੀ ਗਈ ਕਾਵਿ ਭਾਸ਼ਾਈ ਬਣਤਰ, ਵਿਧੀ ਜੋ ਕਿ ਰੂਪਾਤਮਿਕਤਾ, ਪਰਾਹਨ, ਕਾਵਿ ਭਾਸ਼ਾਈ ਜੁਗਤਾਂ ਆਦਿ ਦੇ ਰੂਪ ਵਿਚ ਪੇਸ਼ ਹੁੰਦੀ ਹੈ ਆਮ ਭਾਸ਼ਾ ਤੋਂ ਕਾਵਿ ਭਾਸ਼ਾ ਵਿਚ ਰੂਪਾਂਤਰਿਤ ਹੋ ਕੇ ਪਾਠਕਾਂ ਦੇ ਅਵਚੇਤਨ ਦਾ ਹਿੱਸਾ ਬਣਦੀ ਹੈ। ਕਵੀ ਸਮਾਜ ਵਿਚ ਰਹਿੰਦਾ ਹੋਇਆ ਹੀ ਕਵਿਤਾ ਦੀ ਰਚਨਾ ਕਰਦਾ ਹੈ। ਉਸ ਦੀਆ ਰਚਨਾਵਾਂ ਵਿਚ ਸਮਾਜ ਦੀ ਝਲਕ ਨੂੰ ਦੇਖਿਆ ਜਾ ਸਕਦਾ ਹੈ। ਕਵੀ ਦੁਆਰਾ ਸਿਰਜਿਆ ਗਿਆ ਸਭਿਆਚਾਰ ਕਾਵਿਕ ਚਿਹਨਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਅਮਰਜੀਤ ਕੌਂਕੇ ਨੇ ਆਪਣੇ ਕਾਵਿ ਵਿਚ ਪਰੰਪਰਾਗਤ ਚਿਹਨਾਂ ਦੀ ਥਾਂ ਨਵੇਂ ਭਾਸ਼ਾਈ ਚਿਹਨਾਂ ਦੀ ਵਰਤੋਂ ਕੀਤੀ ਹੈ। ਇਸ ਤਰ੍ਹਾਂ ਕੌਂਕੇ ਕਾਵਿ ਵਿਚ ਪੇਸ਼ ਹੋਏ ਕਾਵਿਕ ਚਿਹਨ ਨਵੇਕਲੇ ਸੱਭਿਆਚਾਰ ਦੀ ਸਿਰਜਣਾ ਕਰਦੇ ਹਨ।

ਇਸੇ ਤਰ੍ਹਾਂ ਕੌਂਕੇ ਕਾਵਿ ਵਿਚ ਬਿੰਬ, ਅੰਲਕਾਰ ਕਾਵਿ ਜੁਗਤ ਵਜੋਂ ਆਉਂਦੇ ਹਨ। ਉਹ ਅਲੰਕਾਰਾਂ ਦੀ ਸਿਰਜਣਾ ਕਵਿਤਾ ਦੇ ਸੁਹਜ ਨੂੰ ਵਧਾਉਣ ਲਈ ਨਹੀਂ, ਸਗੋਂ ਵਿਚਾਰਾਂ ਨੂੰ ਵਧੇਰੇ ਸੱਪਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਰਦਾ ਹੈ।ਇਸ ਤਰ੍ਹਾਂ ਹੀ ਬਿੰਬ ਦਾ ਕਵਿਤਾ ਵਿਚ ਵਿਸ਼ੇਸ਼ ਮਹੱਤਵ ਹੈ। ਬਿੰਬ ਨੂੰ ਕਾਵਿ ਦਾ ਜ਼ਰੂਰੀ ਅਤੇ ਅਨਿੱਖੜਵਾਂ ਅੰਗ ਮੰਨਿਆ ਗਿਆ ਹੈ। ਕੌਂਕੇ ਕਾਵਿ ਵਿਚ ਬਿੰਬ ਸਿਰਜਣ ਦੇ ਉਤਮ ਨਮੂਨੇ ਮਿਲਦੇ ਹਨ।

ਅਮਰਜੀਤ ਕੌਂਕੇ ਦੀ ਕਵਿਤਾ ਵਿਚ ਅਰਥ ਸਿਰਜਣ ਵਿਧੀ ਦੇ ਨਵੇਂ ਕਾਵਿ ਭਾਸ਼ਾਈ ਸੰਕਲਪ ਸਿਰਜੇ ਗਏ ਹਨ। ਕੌਂਕੇ ਨੇ ਆਪਣੀਆਂ ਕਵਿਤਾਵਾਂ ਵਿਚ ਕਾਵਿ ਸੰਚਾਰ ਲਈ ਸਮਾਜਿਕ ਭਾਸ਼ਾ ਦੇ ਨਾਲ-ਨਾਲ ਭਾਸ਼ਾ ਦਾ ਅਰਥ ਵਿਗਿਆਨ ਅਧਿਐਨ ਵੀ ਕੀਤਾ ਹੈ। ਜਿਵੇਂ ਧੁਨੀ ਵਿਉਂਤ ਰਾਹੀਂ ਅਰਥ ਨਿਖੇੜ, ਰੂਪਕ, ਵਿਪਰੀਤਾਰਥਕ ਸ਼ਬਦ, ਸਮਾਨਾਰਥਕ ਸ਼ਬਦ, ਸਮਰੂਪਕ ਸ਼ਬਦ, ਸਮਾਸ, ਸ਼ਬਦ ਸ਼ਕਤੀਆਂ ਆਦਿ। ਬਿੰਬ, ਅੰਲਕਾਰ, ਰਸ, ਪ੍ਰਤੀਕ, ਸੰਗੀਤਕ ਤੱਤ ਵੀ ਕੌਂਕੇ ਦੇ ਕਾਵਿ ਸੰਚਾਰ ਵਿਚ ਵਧੇਰੇ ਭੂਮਿਕਾ ਅਦਾ ਕਰਦੇ ਹਨ। ਕਾਵਿ ਭਾਸ਼ਾ ਦਾ ਅਰਥ ਵਿਗਿਆਨਕ ਅਧਿਐਨ ਆਮ ਭਾਸ਼ਾ ਤੋਂ ਕਾਵਿ ਭਾਸ਼ਾ ਰੂਪਾਂਤਰਣ ਵਿਚ ਨਵੇਂ ਭਾਸ਼ਾਈ ਸੰਚਾਰ ਦੀ ਸਿਰਜਣਾ ਕਰਦਾ ਹੈ।

ਅਮਰਜੀਤ ਕੌਂਕੇ ਦੇ ਕਾਵਿ ਤਹਿਤ ਸੁਹਜ ਸੰਵੇਦਨਾ ਦੇ ਭਾਸ਼ਾਈ ਅਤੇ ਕਾਵਿ ਪਸਾਰ ਸੁਹਜਾਤਮਕਤਾ ਦੇ ਵਿਭਿੰਨ ਸੰਕਲਪ, ਕਾਵਿ ਸੰਚਾਰ ਦੀ ਨਿਵੇਕਲੀ ਹੋਂਦ ਸਥਾਪਿਤ ਕਰਦੇ ਹਨ। ਕਾਵਿ ਸੰਚਾਰ ਸੁਹਜ ਸੰਵੇਦਨਾ ਦੇ ਨਵੇਂ ਅਰਥਵਾਨ ਪਾਸਾਰਾਂ ਨੂੰ ਉਭਾਰਦਾ ਹੈ।ਅਮਰਜੀਤ ਕੌਂਕੇ ਕਾਵਿ ਵੱਖਰੇ ਕਾਵਿਕ ਮੁਹਾਰਵੇ, ਸੰਬੋਧਨੀ ਉਚਾਰ ਬਿਰਤੀ ਸੁਹਜ ਸੰਵੇਦਨਾ ਦੇ ਰਾਹੀਂ ਸਾਹਮਣੇ ਆਉਂਦੀ ਹੈ ਅਤੇ ਕਲਾਤਮਕ ਕਾਵਿ ਸੰਚਾਰ ਦੇ ਨਵੇਂ ਸਰੋਕਾਰ ਅਤੇ ਪਸਾਰਾਂ ਨੂੰ ਉਭਾਰਦੀ ਹੈ।

ਸ਼ਬਦ ਸੰਚਾਰ ਦਾ ਸਾਧਨ ਹੁੰਦੇ ਹਨ। ਇਨ੍ਹਾਂ ਤੋਂ ਬਿਨਾਂ ਇੱਕ ਵਿਅਕਤੀ ਆਪਣੇ ਭਾਵਾਂ, ਜਜਬਾਤਾਂ ਨੂੰ ਦੂਜੇ ਵਿਅਕਤੀ ਤੱਕ ਨਹੀਂ ਪਹੁੰਚਾ ਸਕਦਾ ਹੈ। ਅਮਰਜੀਤ ਕੌਂਕੇ ਆਪਣੇ ਕਾਵਿ ਵਿਚ ਸ਼ਬਦਾਂ ਦੀ ਵਰਤੋਂ ਬਹੁਤ ਹੀ ਸਮੁੱਚੇ ਢੰਗ ਨਾਲ ਕਰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਸ਼ਬਦਾਂ ਤੋਂ ਬਿਨਾਂ ਕਵਿਤਾ ਬੇਜਾਨ ਹੁੰਦੀ ਹੈ। ਅਮਰਜੀਤ ਕੌਂਕੇ ਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਜਾ ਸਕਦਾ ਹੈ। ਉਸ ਦੀ ਕਲਪਨਾ ਤੇ ਚੇਤਨਾ ਵਿਚ ਅਦਭੁਤ ਭਾਸ਼ਾ ਸਿਰਜਨ ਦੀ ਸਮੱਰਥਾ ਹੈ। ਜੋ ਉਸ ਦੀਆਂ ਰਚਨਾਵਾਂ ਵਿਚੋਂ ਝਲਕਦੀ ਹੈ। ਕੌਂਕੇ ਆਪਣੀ ਕਾਵਿ ਭਾਸ਼ਾ ਰਾਹੀਂ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਤਰਤੀਬ ਦਿੰਦਾ ਹੈ ਕਿ ਉਸ ਦੀ ਕਵਿਤਾ ਪਾਠਕਾਂ ਨੂੰ ਤਾਜ਼ਗੀ ਦਾ ਅਹਿਸਾਸ ਕਰਵਾ ਜਾਂਦੀ ਹੈ। ਅਮਰਜੀਤ ਕੌਂਕੇ ਕਾਵਿ ਦੀ ਸ਼ਬਦਾਵਲੀ ਆਮ ਜੀਵਨ ਵਿਚੋਂ ਲਈ ਗਈ ਹੈ। ਇਸ ਤਰ੍ਹਾਂ ਉਹ ਸਮਾਜ ਵਿਚ ਵਿਚਰਦੇ ਮਨੁੱਖੀ ਮਨ ਦੀ ਦਾਸਤਾਨ ਨੂੰ ਆਪਣੀ ਕਾਵਿ ਭਾਸ਼ਾ ਦੁਆਰਾ ਪੇਸ਼ ਕਰਦਾ ਹੈ।

## ਨਿੱਜੀ ਮੁਲਾਕਾਤ

### 1. ਤੁਸੀ ਸਾਹਿਤ ਰਚਨਾ ਕਦੋਂ ਤੇ ਕਿਉਂ ਸ਼ੁਰੂ ਕੀਤੀ?

ਮੈਂ ਆਪਣਾ ਸਾਹਿਤਕ ਸਫ਼ਰ ਤਕਰੀਬਨ 16-17 ਸਾਲ ਦੀ ਉਮਰ ਤੋਂ ਹੀ ਸ਼ੁਰੂ ਕਰ ਦਿੱਤਾ ਸੀ। ਦਰਅਸਲ ਜਿਸ ਘਰ ਵਿੱਚ ਮੈਂ ਜਨਮ ਲਿਆ ਉਸ ਵਿੱਚ ਬਹੁਤ ਹੀ ਘੁਟਣ ਤੇ ਤੰਗੀ ਤੁਰਸ਼ੀ ਭਰਿਆ ਮਾਹੌਲ ਸੀ। ਮੇਰੀ ਪਿਤਾ ਇੱਕ ਮਾਮੂਲੀ ਕਲਰਕ ਸਨ ਕਿਸੇ ਪ੍ਰਾਈਵੇਟ ਫੈਕਟਰੀ ਵਿੱਚ। ਆਰਥਿਕ ਪੱਖੋਂ ਬਹੁਤ ਸੰਕਟਾਂ ਵਿੱਚੋਂ ਗੁਜ਼ਰਨਾ ਪਿਆ। ਦਸਵੀਂ ਵਿੱਚ ਪੜ੍ਹਦਿਆਂ ਹੀ ਮੈਂ ਆਪਣਾ ਖਰਚ ਚਲਾਉਣ ਲਈ ਦੂਸਰੇ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਲੱਗ ਪਿਆ ਸਾਂ। ਇਸ ਤਰ੍ਹਾਂ ਇਸ ਘੁਟਣ ਤੇ ਤੰਗ ਤੁਰਸ਼ੀ ਕਾਰਨ ਮੇਰਾ ਨਾਤਾ ਹੌਲੀ-ਹੌਲੀ ਪੁਸਤਕਾਂ ਨਾਲ ਜੁੜਦਾ ਗਿਆ। ਕਿਤਾਬਾਂ ਵਿੱਚ ਮੇਰੀ ਥੱਕੇ ਟੁੱਟੇ ਬਚਪਨ ਨੇ ਸਕੂਨ ਲੱਭਣਾ ਸ਼ੁਰੂ ਕਰ ਦਿੱਤਾ ਤੇ ਹੌਲੀ-ਹੌਲੀ ਮੇਰੇ ਆਪਣੇ ਮਨ ਦੀ ਉਦਾਸ਼ੀ ਵੀ ਕਵਿਤਾ ਤੇ ਕਹਾਣੀ ਦਾ ਰੂਪ ਬਣ ਕੇ ਸ਼ਬਦਾਂ ਦੇ ਸਾਂਚੇ ਵਿੱਚ ਢਲਣ ਲੱਗੀ।

### 2. ਤੁਹਾਡੀਆਂ ਆਪਣੀਆਂ ਰਚਨਾਵਾਂ ਵਿਚੋਂ ਪਸੰਦੀਦਾ ਪੁਸਤਕ ਕਿਹੜੀ ਹੈ? ਅਤੇ ਕਿਉਂ?

ਮੇਰੀਆਂ ਹੁਣ ਤੱਕ ਛੇ ਪੁਸਤਕਾਂ ਪਕਾਸ਼ਿਤ ਹੋਈਆਂ ਹਨ। ਜਿਹਨਾਂ ਵਿੱਚ 'ਦਾਇਰਿਆਂ ਦੀ ਕਬਰ 'ਚੋਂ' (1985), 'ਨਿਰਵਾਣ ਦੀ ਤਲਾਸ਼ 'ਚ' (1987), 'ਦਵੰਦ ਕਥਾ' (1990), 'ਯਕੀਨ' (1992), 'ਸ਼ਬਦ ਰਹਿਣਗੇ ਕੋਲ'

(1996), 'ਸਿਮਰਤੀਆਂ ਦੀ ਲਾਲਟੈਣ' (2002) ਅਤੇ 'ਪਿਆਸ' (2013) ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਇਹਨਾਂ ਤੋਂ ਬਿਨਾਂ ਚਾਰ ਪੁਸਤਕਾਂ, 'ਮੁੱਠੀ ਭਰ ਰੌਸ਼ਨੀ', 'ਅੰਧੇਰੇ ਮੇਂ ਆਵਾਜ਼', 'ਅੰਤਹੀਨ ਦੌੜ' ਅਤੇ 'ਬਨ ਰਹੀ ਹੈ ਨਈ ਦੁਨੀਆਂ' ਹਿੰਦੀ ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਉਂਝ ਤਾਂ ਜਿਵੇਂ ਮਾਂ ਨੂੰ ਆਪਣੇ ਸਾਰੇ ਬੱਚਿਆਂ ਵਿਚੋਂ ਕਿਸੇ ਇੱਕ ਨੂੰ ਉੱਤਮ ਕਹਿਣਾ ਬੜਾ ਔਖਾ ਹੁੰਦਾ ਹੈ, ਮੇਰੇ ਲਈ ਵੀ ਇਹ ਸਵਾਲ ਇਵੇਂ ਹੈ। ਮੇਰੀਆਂ ਪੁਸਤਕਾਂ ਵਿੱਚੋਂ 'ਸ਼ਬਦ ਰਹਿਣਗੇ ਕੋਲ' ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅਤੇ 'ਮੁੱਠੀ ਭਰ ਰੋਸ਼ਨੀ' ਅਤੇ 'ਪਿਆਸ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਪੁਰਸਕਾਰ ਪ੍ਰਾਪਤ ਹੋਏ। ਹੋਰਾਂ ਪੁਸਤਕਾਂ ਨੂੰ ਵੀ ਅਨੇਕ ਇਨਾਮ ਸਨਮਾਨ ਮਿਲੇ ਪਰ ਫਿਰ ਵੀ ਜੇ ਮੈਂ ਇਹਨਾਂ ਗੱਲਾਂ ਤੋਂ ਵਿਥ ਤੇ ਖੜ ਕੇ ਆਪਣੀ ਮਨਪਸੰਦ ਪੁਸਤਕ ਬਾਰੇ ਕਹਾਂ ਤਾਂ ਸਿਮਰਤੀਆਂ ਦੀ ਲਾਲਟੈਣ ਮੈਨੂੰ ਆਪਣੀਆਂ ਸਭ ਪੁਸਤਕਾਂ ਤੋਂ ਚੰਗੀ ਲੱਗਦੀ ਹੈ। ਇਸ ਪੁਸਤਕ ਵਿੱਚ ਕਾਵਿ ਵਸਤੂ ਦੀ ਵਿਭਿੰਨਤਾ ਤੇ ਪ੍ਰਗਟਾਉ ਦੀ ਸਿੱਦਤ ਨੇ ਪਾਠਕਾਂ ਦਾ ਧਿਆਨ ਆਕਰਸ਼ਿਤ ਕੀਤਾ ਤੇ ਇਸ ਦੇ ਤਿੰਨ ਸੰਸਕਰਣ ਪ੍ਰਕਾਸ਼ਿਤ ਹੋਏ। ਪਰ ਇਹ ਗੱਲ ਦਾ ਮਤਲਬ ਇਹ ਨਹੀਂ ਕਿ ਦੂਜੀਆਂ ਪੁਸਤਕਾਂ ਵਿੱਚ ਇਹ ਗੁਣ ਨਕਾਮ ਹਨ। ਬਹੁਤ ਸਾਰੇ ਪਾਠਕ ਅਜੇ ਵੀ ਮੇਰੀ ਪੁਸਤਕ 'ਨਿਰਵਾਣ ਦੀ ਤਲਾਸ਼ 'ਚ' ਨੂੰ ਮੇਰੀ ਸਭ ਤੋਂ ਵਧੀਆ ਮੰਨਦੇ ਹਨ ਤੇ ਬਹੁਤ ਦੋਸਤ ਮੇਰੀ ਨਵੀਂ ਪੁਸਤਕ 'ਪਿਆਸ' ਨੂੰ ਮੇਰੀ ਸਰਵੋਤਮ ਪੁਸਤਕ ਦਾ ਦਰਦ ਦਿੰਦੇ ਹਨ।

**ਤੁਹਾਡਾ ਪਸੰਦੀਦਾ ਲੇਖਕ ਕੋਣ ਹੈ?**

ਮੈਂ ਜਿਵੇਂ ਪਹਿਲਾਂ ਦੱਸਿਆ ਕਿ ਬਚਪਨ ਤੋਂ ਹੀ ਮੇਰਾ ਨਾਤਾ ਸਾਹਿਤ ਨਾਲ ਜੁੜ ਗਿਆ ਤੇ ਛੋਟੀ ਉਮਰ ਵਿੱਚ ਮੈਂ ਬਹੁਤ ਸਾਰੇ ਲੇਖਕਾਂ ਨੂੰ ਪੜ੍ਹਨ ਲੱਗ ਪਿਆ ਸਾਂ। ਉਸ ਵੇਲੇ ਰੂਸੀ ਸਾਹਿਤ ਦਾ ਅਨੁਵਾਦ ਪੰਜਾਬੀ ਵਿੱਚ ਬਹੁਤ ਪ੍ਰਚਲਿਤ ਸੀ। ਮੈਂ ਉਸ ਵਿੱਚੋਂ ਟਾਲਸਟਇ, ਦਸਤੋਵਸਕੀ, ਗੋਰਕੀ ਆਦਿ ਲੇਖਕਾਂ ਨੂੰ ਬਹੁਤ ਨਿਠ ਕੇ ਪੜਿਆ ਫੇਰ ਗਿਆਨੀ ਕਰਦਿਆਂ ਬਾਬਾ ਫਰੀਦ, ਗੁਰੁ ਨਾਨਕ ਤੋਂ ਲੋਕ ਸੂਫੀ ਕਾਵਿ ਤੇ ਆਧੁਨਿਕ ਸਾਹਿਤ ਦੇ ਅਨੇਕ ਲੇਖਕਾਂ ਨੂੰ ਪੜਨ ਦਾ ਸੁਭਾਗ ਮਿਲਿਆ। ਆਧੁਨਿਕ ਪੰਜਾਬੀ ਸਾਹਿਤ ਦੇ ਤਕਰੀਬਨ ਸਾਰੇ ਹੀ ਲੇਖਕਾਂ ਦੀਆਂ ਰਚਨਾਵਾਂ ਦਾ ਅਧਿਐਨ ਕਰਦਿਆਂ ਮੈਂ ਬਹੁਤ ਸਾਰੇ ਲੇਖਕਾਂ ਦਾ ਪ੍ਰਸ਼ੰਸਕ ਰਿਹਾ ਤੇ ਬਹੁਤ ਸਾਰੇ ਲੇਖਕਾਂ ਨੇ ਮੈਨੂੰ ਟੁੰਬਿਆਂ ਤੇ ਪ੍ਰਭਾਵਿਤ ਕੀਤਾ ਹੈ।

**3. ਆਧੁਨਿਕ ਸਮਾਜ ਸਾਹਿਤ ਤੋਂ ਟੁੱਟਦਾ ਜਾ ਰਿਹਾ ਹੈ। ਇਸ ਬਾਰੇ ਤੁਹਾਡਾ ਕੀ ਵਿਚਾਰ ਹੈ?**

ਪੂੰਜੀਵਾਦੀ ਦੌਰ ਵਿੱਚ ਹਰ ਮਨੁੱਖ ਦਾ ਲਕਸ਼ ਵਧੇਰੇ ਪੂੰਜੀ ਕਮਾਉਣ ਤੇ ਸਸਤੀ ਤੇ ਫੋਕੀ ਸ਼ੁਹਰਤ ਲੈਣ ਨਾਲ ਜੁੜਿਆ ਹੈ। ਇਸ ਲਈ ਕਲਾ ਦੇ ਹਰ ਖੇਤਰ ਵਿੱਚ 'ਸ਼ਾਰਟ ਕਟ' ਵੱਜਣੇ ਸ਼ੁਰੂ ਹੋ ਗਏ ਹਨ। ਇਸ ਵਰਤਾਰੇ ਕਈ ਲੇਖਕ ਤੇ ਸਮਾਜ ਦੋਵੇਂ ਜ਼ਿੰਮੇਵਾਰ ਹੈ। ਸਮਾਜੀ ਵਰਤਾਰੇ ਵਿੱਚ ਕਲਾ ਨੂੰ ਮਹੱਤਵਹੀਣ ਕਰਨ ਦੇ ਕੋਹਲੇ ਯਤਨਾਂ ਨੇ ਆਪਣਾ ਰੰਗ ਵਿਖਾਇਆ ਹੈ। ਮੀਡੀਏ ਦੇ ਵਿਕਾਸ ਨੇ ਫੇਸਬੁੱਕ, ਵਟਸਐਪ, ਜਿਹੀਆਂ ਅਲਾਮਤਾਂ ਨੇ ਲੋਕਾਂ ਕੋਲੋਂ ਲਿਖਣ ਪੜਨ ਦਾ

ਵਕਤ ਖੋਹ ਲਿਆ ਹੈ। ਮਨੁੱਖੀ ਸੰਵੇਦਨਾ ਨੂੰ ਖੁੰਢੇ ਕਰਨ ਦੇ ਯਤਨ ਦਿਨੋ ਦਿਨ ਤੇਜ਼ ਹੋ ਰਹੇ ਹਨ। ਆਮ ਆਦਮੀ ਸਾਹਿਤ ਨਾਲੋਂ ਦੂਰੀ ਸਿਰਜ ਰਿਹਾ ਹੈ। ਦੂਜੇ ਪਾਸੇ ਲੇਖਕ ਵੀ ਕਿਉਂਕਿ ਸਮਾਜ ਦਾ ਹੀ ਹਿੱਸਾ ਹੈ ਇਸ ਲਈ ਕਿਤੇ ਨਾ ਕਿਤੇ ਉਸ ਦੇ ਰਚਨਾ ਧਰਮ ਵਿੱਚ ਵੀ ਉਹੋ ਸ਼ਿੱਦਤ ਜਾਂ ਡੂੰਘਿਆਈ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ ਜਿਸ ਕਾਰਨ ਸਾਹਿਤ ਤੇ ਸਮਾਜ ਆਪੋ ਵਿੱਚ ਵਿੱਥ ਸਿਰਜ ਰਹੇ ਹਨ। ਇਹ ਚਿੰਤਾ ਦਾ ਵਿਸ਼ਾ ਹੈ।

**4. ਸਮਾਜਿਕ ਪ੍ਰਬੰਧ ਦੀ ਨਿਰੋਲ ਯਥਾਰਥਕਤਾ ਦੀ ਪੇਸ਼ਕਾਰੀ ਸਾਹਿਤ ਨੂੰ ਬੋਝਲ ਕਰਦੀ ਹੈ। ਤੁਹਾਡੀ ਕੀ ਰਾਏ ਹੈ?**

ਸਾਹਿਤ ਰਚਨ ਦਾ ਕਰਮ ਕਿਸੇ ਸੁਨਿਆਰੇ ਦੇ ਗਹਿਣੇ ਘੜ੍ਹਨ ਜਿਹਾ ਕਰਮ ਹੈ। ਨਿਰੋਲ ਸਮਾਜਿਕ ਯਥਾਰਥਕਤਾ ਨਿਰੋਲ ਸੋਦਾ ਹੈ। ਨਿਰੋਲ ਸੋਦਾ ਜਾਂ ਨਿਰੋਲ ਯਥਾਰਥ ਕਦੇ ਵੀ ਚੰਗੇਰਾ ਸਾਹਿਤ ਜਾਂ ਚੰਗਾ ਸਾਹਿਤ ਨਹੀਂ ਬਣ ਸਕਦਾ। ਨਿਰੋਲ ਯਥਾਰਥਕਤਾ ਦਾ ਸਾਹਿਤ ਅਖਬਾਰੀ ਸਾਹਿਤ ਜਾਂ ਪੱਤਰਕਾਰੀ ਦੀ ਪੱਧਰ ਤੇ ਲੈ ਜਾਵੇਗਾ। ਇਸ ਲਈ ਜੀਵਨ ਨੂੰ ਚੰਗੇਰੀ ਸਾਹਿਤ ਕਿਰਤ ਬਣਾਉਣ ਲਈ ਇਸ ਵਿੱਚ ਸਾਹਿਤਕਾਰ ਦੀ ਕਲਪਨਾ ਤੇ ਸੰਵੇਦਨਸ਼ੀਲਤਾ ਦਾ ਬਹੁਤ ਹੀ ਮੱਹਤਵਪੂਰਨ ਯੋਗਦਾਨ ਹੈ। ਕੋਈ ਵੀ ਘਟਨਾ-ਯਥਾਰਥ ਕਿਸੇ ਲੇਖਕ ਦੀ ਕਲਪਨਾ ਤੇ ਸੰਵੇਦਨਾ ਦੀ ਛੂਹ ਨਾਲ ਹੀ ਕਿਸੇ ਸਾਹਿਤ ਰਚਨਾ ਵਿਚੋਂ ਤਬਦੀਲ ਹੋ ਸਕਦਾ ਹੈ ਨਹੀਂ ਤਾਂ ਉਹ ਕਿਸੇ ਘਟਨਾਵੀ ਬਿਰਤਾਂਤ ਤੱਕ ਸੀਮਤ ਹੋ ਜਾਵੇਗਾ।

**5. ਪੰਜਾਬੀ ਕਵਿਤਾ ਦੀ ਅਜੋਕੀ ਸਥਿਤੀ ਨੂੰ ਤੁਸੀਂ ਕਿਥੇ ਖੜਾ ਮਹਿਸੂਸ ਕਰਦੇ ਹੋ ਅਤੇ ਤੁਸੀਂ ਪੰਜਾਬੀ ਕਵਿਤਾ ਦੇ ਭਵਿੱਖ ਬਾਰੇ ਕੀ ਕਹਿਣਾ ਚਾਹੋਗੇ?**

ਪੰਜਾਬੀ ਕਵਿਤਾ ਦੀ ਅਜੋਕੀ ਸਥਿਤੀ ਸੰਤੋਸ਼ਜਨਕ ਹੈ। ਨਵੇਂ ਕਵੀ ਨਵੀਂ ਸੰਵੇਦਨਾ ਤੇ ਨਵੇਂ ਭਾਸ਼ਾਈ ਮੁਹਵਰਿਆਂ ਵਿੱਚ ਨਵੇਂ ਯੁੱਗ ਦੇ ਮਸਲਿਆਂ ਤੇ ਤਣਾਵਾਂ ਨੂੰ ਅਭਿਵਿਅਕਤ ਕਰ ਰਹੇ ਹਨ। ਭੱਵਿਖ ਵਿੱਚ ਇਹ ਕਵੀ ਕਵਿਤਾ ਨੂੰ ਇਸ ਦੀਆਂ ਉਚੇਰੀਆਂ ਮੰਜ਼ਿਲਾਂ ਤੱਕ ਲੈ ਕੇ ਜਾਣ ਦੇ ਸਮਰਥ ਹੋਣਗੇ।

**6. ਤੁਹਾਡੇ ਕਾਵਿ ਉੱਪਰ ਹੋਏ ਹੁਣ ਤੱਕ ਆਲੋਚਨਾਤਮਕ ਕਾਰਜ ਪ੍ਰਤੀ ਤੁਹਾਡੀ ਕੀ ਸੋਚ ਹੈ?**

ਮੇਰੇ ਹੁਣ ਤੱਕ ਛੇ ਕਾਵਿ ਸੰਗ੍ਰਿਹ ਪ੍ਰਕਾਸ਼ਿਤ ਹੋਏ ਹਨ ਜਿਨ੍ਹਾਂ ਨੂੰ ਪੰਜਾਬੀ ਪਾਠਕਾਂ, ਵਿਦਵਾਨਾਂ, ਆਲੋਚਨਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਮੇਰੀ ਕਵਿਤਾ ਤੇ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕੁਸ਼ੇਤਰ, ਗੁਰੂ ਕਾਰਨ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਲਵਲੀ ਯੂਨੀਵਰਸਿਟੀ ਫਗਵਾੜਾ ਵਿਖੇ ਅਨੇਕ ਵਿਦਿਆਰਥੀਆਂ ਨੇ ਆਪਣੇ ਐਮ.ਫਿਲ, ਪੀ. ਐਚ. ਡੀ. ਦੇ ਖੋਜ ਕਾਰਜ ਨਪੇਰੇ ਚਾੜ੍ਹੇ ਹਨ। ਇਸ ਤੋਂ ਬਿਨਾਂ ਮੇਰੀ ਕਵਿਤਾ ਉੱਪਰ ਛੇ ਆਲੋਚਨਾ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਜਿਨ੍ਹਾਂ ਦਾ ਵੇਰਵਾ ਇਸ ਤਰਾਂ ਹੈ।

(1) ਅਮਰਜੀਤ ਕੌਂਕੇ-ਕਾਵਿ: ਸਿਰਜਣਾ ਤੇ ਸੰਵਾਦ (ਸੰਪਾਦਕ: ਆਤਮ ਰੰਧਾਵਾ)

(2) ਅਮਰਜੀਤ ਕੌਂਕੇ ਦਾ ਕਾਵਿ ਪੈਰਾਡਾਇਮ (ਸੰਪਾ: ਲਖਵਿੰਰਜੀਤ ਕੌਰ)

(3) ਅਮਰਜੀਤ ਕੌਂਕੇ ਕਾਵਿ ਚਿੰਤਨ ਤੇ ਸਮੀਖਿਆ (ਸੰਪਾ: ਡਾ. ਬਲਜੀਤ ਸਿੰਘ, ਡਾ. ਸੁਖਤਿਆਰ ਸਿੰਘ)

(4) ਅਮਰਜੀਤ ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦਾ ਸੰਕਲਪ (ਸੰਪਾ. ਹਰਵਿੰਦਰ)

(5) ਅਮਰਜੀਤ ਕੌਂਕੇ-ਕਾਵਿ: ਪੰਧ ਤੇ ਪ੍ਰਬੰਧ (ਸੰਪਾ: ਡਾ. ਭੁਪਿੰਦਰ ਕੌਰ, ਸੋਨੀਆਂ)

(6) ਅਮਰਜੀਤ ਕੌਂਕੇ ਦੀ ਕਵਿਤਾ ਸਵੈ-ਚਿੰਤਨ ਤੋਂ ਯੁੱਗ ਚੇਤਨਾ ਤੱਕ (ਸੰਪਾ: ਡਾ ਸੰਦੀਪ ਕੌਰ, ਰਮਨਦੀਪ ਕੌਰ)

ਇਹਨਾਂ ਪੁਸਤਕਾਂ ਵਿੱਚ ਸੌ ਤੋਂ ਵੱਧ ਵਿਦਵਾਨਾਂ ਨੇ ਮੇਰੀ ਕਵਿਤਾ ਦੇ ਵਿਭਿੰਨਾ ਪੱਖਾਂ ਤੇ ਆਪਣੇ ਵੱਡਮੁਲੇ ਵਿਚਾਰ ਰੱਖੇ ਹਨ। ਮੈਂ ਇਹਨਾਂ ਸਾਰੇ ਵਿਦਵਾਨਾਂ, ਆਲੋਚਕਾਂ ਤੇ ਵਿਦਿਆਰਥੀਆਂ, ਖੋਜਾਰਥੀਆਂ ਦਾ ਧੰਨਵਾਦੀ ਹਾਂ। ਜਿਨ੍ਹਾਂ ਮੇਰੀ ਕਵਿਤਾ ਦੇ ਅਨੇਕ ਰਹੱਸਾਂ ਤੇ ਭੇਦਾਂ ਸੰਬੰਧੀ ਸੰਵਾਦ ਰਚਾਇਆ ਹੈ।

7. **ਪੰਜਾਬੀ ਸਾਹਿਤ ਪ੍ਰਤੀ ਸਰਕਾਰ ਦੇ ਰਵਈਏ ਤੋਂ ਤੁਸੀਂ ਕਿਸ ਹੱਦ ਤੱਕ ਖੁਸ਼ ਹੋ?**

ਸਰਕਾਰਾਂ ਲਈ ਕਦੇ ਵੀ ਸਾਹਿਤ ਜਾਂ ਕਲਾ ਪ੍ਰਮੁੱਖ ਮਸਲਾ ਨਹੀਂ ਰਿਹਾ। ਏਹੀ ਕਾਰਨ ਹੈ ਕਿ ਸਾਹਿਤਕ ਜੱਥੇ ਬੰਦੀਆਂ ਸਰਕਾਰ ਤੋਂ ਭਾਸ਼ਾ ਸਾਹਿਤ ਅਤੇ ਕਲਾ ਨੂੰ ਵਡੇਰੇ ਮੱਹਤਵ ਦਿਵਾਉਣ ਲਈ ਸੰਘਰਸ਼ ਕਰਦੀਆਂ ਰਹੀਆਂ ਹਨ। ਇਹ ਸਥਿਤੀ ਹੁਣ ਵੀ ਜਾਰੀ ਹੈ।

8. **ਕਿਹੜੀ ਸਾਹਿਤਕ ਵਿਧਾ ਵਧੇਰੇ ਸਾਰਥਕ ਹੈ? ਸਮਕਾਲੀ ਪੂੰਜੀਵਾਦੀ ਸਮਾਜ ਦੀ ਪੇਸ਼ਕਾਰੀ ਕਿਹੜੀ ਸਾਹਿਤਕ ਵਿਧਾ ਵਧੇਰੇ ਸਾਰਥਕਤਾ ਨਾਲ ਕਰ ਸਕਦੀ ਹੈ?**

ਪਹਿਲੀ ਗੱਲ ਤਾਂ ਮੈਂ ਇਹ ਮੰਨਦਾ ਹਾਂ ਕਿ ਕੋਈ ਵੀ ਸਾਹਿਤਕ ਰਚਨਾ ਆਪਣੀ ਵਿਧਾ ਆਪਣੇ ਨਾਲ ਹੀ ਲੈ ਕੇ ਆਉਂਦੀ ਹੈ। ਜੇ ਕੋਈ ਜੀਵਨ ਦੇ ਬੇਹੱਦ ਸੰਵੇਦਨਸ਼ੀਲ ਤੇ ਸੂਖ਼ਮ ਪਲਾਂ ਨੂੰ ਚਿਤਰਨਾ ਚਾਹੁੰਦਾ ਹੈ ਤਾਂ ਉਹ ਪਲ ਕਵਿਤਾ ਵਿੱਚ ਆਪਣੇ ਆਪ ਢਲ ਜਾਣਗੇ। ਜੇ ਕੋਈ ਵਿਸ਼ਾ ਬਹੁਤ ਵਡੇਰੇ ਕੋ ਮਸਲਿਆਂ, ਵਿਚਾਰਧਾਰਕ ਸੰਵਾਦ ਦੀ ਮੰਗ ਕਰਦਾ ਹੈ ਤਾਂ ਉਸ ਲਈ ਨਾਵਲੀ ਵਿਧਾ ਵਧੇਰੇ ਉਪਯੁਕਤ ਹੋਵੇਗੀ ਤੇ ਰਚਨਾ ਆਪਣੇ ਆਪ ਉਸ ਆਕਾਰ ਵਿੱਚ ਢਲ ਜਾਵੇਗੀ। ਇਸੇ ਤਰਾਂ ਕੋਈ ਵੀ ਵਸਤੂ ਆਪਣਾ ਰੂਪ ਆਕਾਰ ਖੁਦ ਹੀ ਸਿਰਜਦਾ ਹੈ ਇਹ ਕੋਈ ਚੇਤਨ ਪ੍ਰਕ੍ਰਿਆ ਨਹੀਂ ਹੈ। ਦੂਸਰੀ ਗੱਲ ਕਿ ਪੂੰਜੀਵਾਦੀ ਸਾਮਾਜ ਦੀ ਪੇਸ਼ਕਾਰੀ ਲਈ ਜਿਹੜੀ ਵਿਧਾ ਵਧੇਰੇ ਸਾਰਥਕ ਹੈ ਇਸ ਦਾ ਜਵਾਬ ਇਹ ਹੈ ਕਿ ਪੂੰਜੀਵਾਦੀ ਸਾਮਾਜ ਦੇ ਹਜ਼ਾਰਾਂ ਪਹਿਲੂ ਹਨ ਜਿਹੜੇ ਵੱਖੋ ਵੱਖ ਵਿਧਾਵਾਂ ਵਿੱਚ ਆਕਾਰ ਲੈਣ ਦੇ ਸਮਰਥ ਹੈ।ਅਗਲੀ ਤੇ ਮਹੱਤਵਪੂਰਨ ਗੱਲ ਲੇਖਕ ਦੀ ਸੁਹਿਰਦਤਾ ਤੇ ਸ਼ਿੱਦਤ ਦੀ ਹੈ ਕਿ ਉਹ ਕਿੰਨੀ ਕੁ ਇਮਾਨਦਾਰੀ ਨਾਲ ਆਪਣਾ ਲੇਖਣ

ਕਾਰਜ ਨਿਭਾਅ ਰਿਹਾ ਹੈ ਜੇ ਉਸ ਦੀ ਲੇਖਣੀ ਵਿੱਚ ਇਮਨਾਦਾਰੀ ਹੈ ਤਾਂ ਉਹ ਭਾਵੇਂ ਕਵਿਤਾ ਦੀ ਇੱਕ ਸਤਰ ਵਿੱਚ ਆਪਣੇ ਉਦੇਸ਼ ਦਾ ਸੰਚਾਰ ਕਰ ਦਵੇਗਾ ਤੇ ਜੇ ਅਜਿਹਾ ਨਹੀਂ ਤਾਂ ਪੰਜ ਸੌ ਸਫ਼ੇ ਦੀ ਨਾਵਲ ਵਿੱਚ ਵੀ ਉਹ ਅਜਿਹਾ ਕਰਨੋਂ ਅਸਮਰਥ ਰਹੇਗਾ।

**9. ਇਕ ਕਵੀ ਨੂੰ ਕਵਿਤਾ ਲਿਖਣ ਦੇ ਸਮੇਂ ਭਾਸ਼ਾ ਦੇ ਪ੍ਰਤੀ ਕਿੰਨਾਂ ਕੁ ਚੇਤਨ ਹੋਣਾ ਚਾਹੀਦਾ ਹੈ?**

ਭਾਸ਼ਾ ਕਿਉਂਕਿ ਸਾਹਿਤ ਦਾ ਮੁੱਢਲਾ ਟੂਲ ਹੈ। ਇਸ ਸਿਰਫ ਕਵੀ ਨੂੰ ਹੀ ਨਹੀਂ ਸਗੋਂ ਹਰ ਵਿਧਾ ਦੇ ਲੇਖਕ ਲਈ ਆਪਣੀ ਰਚਨਾ ਸਿਰਜਣ ਸਮੇਂ ਭਾਸ਼ਾਈ ਚੇਤਨਤਾ ਦਾ ਹੋਣਾ ਅਤਿ ਅਨਿਵਾਰੀ ਹੈ। ਭਾਸ਼ਾ ਰਾਹੀਂ ਹੀ ਉਸ ਨੇ ਆਪਣੇ ਮਨ ਦੀ ਅਤੇ ਆਪਣੇ ਪਾਤਰਾਂ ਦੇ ਮਨ ਦੇ ਉਤਾਰਾਂ ਚੜਾਵਾਂ ਨੂੰ ਪਾਠਕ ਤੱਕ ਸੰਚਾਰ ਕਰਨਾ ਹੈ। ਇਸ ਲਈ ਭਾਸ਼ਾਈ ਚੇਤਨਤਾ ਹਰ ਸਾਹਿਤਕ ਲਈ ਇਕ ਬੇਹੱਦ ਜ਼ਰੂਰੀ ਲੋੜ ਹੈ।

## ਪੁਸਤਕ ਸੂਚੀ


- ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪਟਿਆਲਾ, ਸੰਗਮ ਪਬਲੀਕੇਸ਼ਨਜ, 2009.
- ਉਹੀ, ਦਵੰਦ ਕਥਾ, ਪਟਿਆਲਾ, ਸੰਗਮ ਪਬਲੀਕੇਸ਼ਨਜ, 2009.
- ਉਹੀ, ਦਾਇਰਿਆਂ ਦੀ ਕਬਰ 'ਚ, ਪਟਿਆਲਾ, ਸੰਗਮ ਪਬਲੀਕੇਸ਼ਨਜ, 2013.
- ਉਹੀ, ਨਿਰਵਾਣ ਦੀ ਲਾਸ਼ 'ਚ, ਪਟਿਆਲਾ, ਸੰਗਮ ਪਲੀਕੇਸ਼ਨਜ, 2009.
- ਉਹੀ, ਪਿਆਸ, ਪਟਿਆਲਾ, ਸੰਗਮ ਪਬਲੀਕੇਸ਼ਨਜ, 2013.
- ਉਹੀ, ਸ਼ਬਦ ਰਹਿਣਗੇ ਕੋਲ, ਪਟਿਆਲਾ, ਸੰਗਮ ਪਬਲੀਕੇਸ਼ਨਜ, 2009.
- ਉਹੀ, ਯਕੀਨ, ਪਟਿਆਲਾ, ਸੰਗਮ ਪਬਲੀਕੇਸ਼ਨਜ, 2009.
- ਆਤਮ ਰੰਧਾਵਾ (ਸੰਪਾ.), ਅਮਰਜੀਤ ਕੌਂਕੇ ਕਾਵਿ:ਸਿਰਜਣਾ ਤੇ ਸੰਵਾਦ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2005.
- ਬਲਜੀਤ ਸਿੰਘ (ਸੰਪਾ.), ਮੁਖਤਿਆਰ ਸਿੰਘ, ਅਮਰਜੀਤ ਕੌਂਕੇ-ਕਾਵਿ ਚਿੰਤਨ ਤੇ ਸਮੀਖਿਆ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2014.

- ਭੁਪਿੰਦਰ ਕੌਰ (ਸੰਪਾ.), ਅਮਰਜੀਤ ਕੌਂਕੇ-ਕਾਵਿ:ਪੰਧ ਤੇ ਪ੍ਰਬੰਧ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2015.
- ਚੀਮਾ, ਬਲਦੇਵ ਸਿੰਘ, ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ, ਪਟਿਆਲਾ, ਪਬਲੀਕੇਸ਼ਨਜ ਬਿਊਰੋ, ਪੰਜਾਬੀ ਯੂਨੀਵਰਸਿਟੀ, 2005.
- ਚੋਹਾਨ, ਰਜਿੰਦਰ, ਸਾਹਿਤ ਬੋਧ, ਸਾਹਿਬਜਾਦਾ ਅਜੀਤ ਸਿੰਘ ਨਗਰ, 2015.
- ਧਾਰੀਵਾਲ, ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ-ਸ਼ਾਸਤ੍ਰ, ਪਟਿਆਲਾ, ਮਦਾਨ ਪਬਲੀਕੇਸ਼ਨਜ, 2012.
- ਗਾਸੋ, ਸੁਦਰਸ਼ਨ, ਪੰਜਾਬੀ ਕਵਿਤਾ ਵਿਸ਼ਲੇਸ਼ਣ ਅਤੇ ਮੁਲਾਂਕਣ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2007.
- ਢਿੱਲੋਂ, ਹਰਵਿੰਦਰ, ਅਮਰਜੀਤ ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦਾ ਸੰਕਲਪ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2014.
- ਸਿੰਘ, ਸੁਖਵਿੰਦਰ, ਸਾਹਿਤ, ਭਾਸ਼ਾ ਅਤੇ ਭਾਸ਼ਾ ਵਿਗਿਆਨ, ਪਟਿਆਲਾ, ਪਬਲੀਕੇਸ਼ਨਜ ਬਿਊਰੋ, 2003.
- ਸਿੰਘ, ਜਸਵਿੰਦਰ, ਨਵੀ ਪੰਜਾਬੀ ਕਵਿਤਾ ਪਛਾਣ ਚਿੰਨ੍ਹ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2009.
- ਸਿੰਘ, ਜਸਵਿੰਦਰ, ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.
- ਸਿੰਘ, ਪ੍ਰੇਮ ਪ੍ਰਕਾਸ਼ , ਸਿਧਾਂਤਕ ਭਾਸ਼ਾ ਵਿਗਿਆਨ, ਪਟਿਆਲਾ, ਮਦਾਨ ਪਬਲੀਕੇਸ਼ਨਜ, 2005.
- ਸਿੰਘ, ਪ੍ਰੇਮ ਪ੍ਰਕਾਸ਼, ਪੰਜਾਬੀ ਭਾਸ਼ਾ ਦਾ ਸਰੋਤ ਅਤੇ ਬਣਤਰ, ਪਟਿਆਲਾ, ਪਬਲੀਕੇਸ਼ਨਜ ਬਿਊਰੋ, ਪੰਜਾਬੀ ਯੂਨੀਵਰਸਿਟੀ, 1996.
- ਜੱਗੀ, ਗੁਰਸ਼ਰਨ ਕੌਰ, ਭਾਰਤੀ ਕਾਵਿ ਸ਼ਾਸਤਰ ਸਰੂਪ ਅਤੇ ਸਿੱਧਾਂਤ, ਦਿੱਲੀ, ਆਰਸੀ ਪਬਲੀਕੇਸ਼ਨਜ, 2008.
- ਕੌਰ, ਅੰਮ੍ਰਿਤਪਾਲ, ਵੀਹਵੀਂ ਸਦੀ ਦੀ ਪਜਾਬੀ ਕਵਿਤਾ, ਪਬਲੀਕੇਸ਼ਨਜ ਬਿਊਰੋ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 2005.
- ਕੌਰ, ਮਹਿੰਦਰ, ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਤੇ ਲਿਪੀ, ਪਟਿਆਲਾ, ਸੋਨੀਆ ਪਬਲੀਕੇਸ਼ਨਜ, 2011.
- ਕੌਰ, ਸੰਦੀਪ, ਕੌਰ ਰਮਨਦੀਪ, ਅਮਰਜੀਤ ਕੌਂਕੇ ਦੀ ਕਵਿਤਾ ਸਵੈ-ਚਿੰਤਨ ਤੋਂ ਯੁੱਗ ਚੇਤਨਾ ਤੱਕ, ਪਟਿਆਲਾ ਪ੍ਰਤੀਕ ਪਬਲੀਕੇਸ਼ਨਜ, 2016.
- ਲਖਵਿੰਦਰਜੀਤ ਕੌਰ (ਸੰਪਾ), ਅਮਰਜੀਤ ਕੌਂਕੇ ਦਾ ਕਾਵਿ ਪੈਰਾਡਾਈਮ, ਪਟਿਆਲਾ, ਪ੍ਰਤੀਕ ਪਬਲੀਕੇਸ਼ਨਜ, 2011.
- ਯੋਗਰਾਜ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ-ਸ਼ਾਸਤਰ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2010.